੧ੴ ਵਾਹਿਗੁਰੂ ਜੀ ਕੀ ਫ਼ਤਹਿ॥

ਗਿਆਨ ਰਤਨਿ ਸਭ ਸੋਝੀ ਹੋਇ॥
ਸਿੱਖ ਮਿਸ਼ਨਰੀ ਕਾਲਜ (ਰਜਿ.) ਲੁਧਿਆਣਾ

ਪ੍ਰਕਾਸ਼ਨ ਨੰ: 142

3

ਸ਼ਹੀਦੀ ਸਾਕੇ

- ਸਾਕਾ ਨਨਕਾਣਾ ਸਾਹਿਬ
- ਮੋਰਚਾ ਗੁਰੂ ਕਾ ਬਾਗ
- ਸਾਕਾ ਪੰਜਾ ਸਾਹਿਬ

(ਕਾਵਿ ਪ੍ਰਸੰਗ)

4 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਸਾਕਾ ਨਨਕਾਣਾ ਸਾਹਿਬ

ਜਿਸ ਧਰਤੀ ਤੇ ਪਿਆਰ ਪੁੰਗਰਿਆ ਸਿਮਿਆ ਜਿਥੋਂ ਸਰੂਰ।
ਜਿਸ ਧਰਤੀ ਤੇ ਮਿਠੀਆਂ ਮਿਠੀਆਂ ਰਿਸ਼ਮਾਂ ਦਿਤਾ ਨੂਰ।
ਜਿਸ ਧਰਤੀ ਦੀ ਲੋਅ ਨੇ ਉਠ ਉਠ ਜੱਗ ਦੇ ਨੈਣ ਨਸ਼ਿਆਏ।
ਜਿਸ ਧਰਤੀ ਨੇ ਆਦਮੀਅਤ ਦੇ ਮੁੰਦੇ ਨੈਣ ਉਘੜਾਏ।
ਜਿਸ ਧਰਤੀ ਤੇ ਰਹਿਮਤ ਰੱਬ ਦੀ ਗੂੜ੍ਹੀ ਛੋਹਬਤ ਲਾਈ।
ਮੋਈ ਹੋਈ ਖਲਕਤ ਦੇ ਵਿਚ ਜੀਵਨ ਜੋਤ ਜਗਾਈ।
ਜਿਸ ਧਰਤੀ ਤੇ ਲਾਲ ਤ੍ਰਿਪਤਾ ਛੇੜਿਆ ਰਾਗ ਇਲਾਹੀ।
ਜਿਥੇ ਮੇਰੇ ਸਤਿਗੁਰ ਨਾਨਕ ਰਬੀ ਰਬਾਬ ਵਜਾਈ।
ਉਹ ਧਰਤੀ ਖੂਨਾਂ ਵਿਚ ਰੰਗੀ ਚੁਪ ਪਈ ਸੁੰਨਸਾਨ।
ਉਸ ਥਾਂ ਉਥੇ ਛਲਣੀ ਕੀਤਾ ਗੋਲੀਆਂ ਨੇ ਭਗਵਾਨ।
ਉਸ ਧਰਤੀ ਤੇ ਨਫਸ ਹਿਰਸ ਵਿਚ ਅੰਨ੍ਹੇ ਬੇ ਹਿਸਾਬੇ।
ਖੂਨੀ ਕਾਤਲ ਨਚਣ ਲਗ ਪਏ ਗੁਟੇ ਵਿਚ ਸ਼ਰਾਬੇ।
ਉਹ ਧਰਤੀ ਅਜ ਹੱਥ ਚੰਡਾਲਾਂ ਕਾਬੂ ਏਦਾਂ ਆਈ।
ਕਿ ਪੋਸਤੀਆਂ ਤੇ ਭੰਗੀਆਂ ਰਲਕੇ, ਪਰਵਰਸ਼ਗਾਹ ਬਣਾਈ।
ਮਹੰਤ ਨਰੈਣੂ ਦੀਆਂ ਚਾਲਾਂ ਪਾਇਆ ਐਸਾ ਘੇਰਾ।
ਗੁਰੂ ਨਾਨਕ ਦਾ ਅਸਥਾਨ ਪਵਿਤਰ, ਬਣ ਗਿਆ ਨਿਜੀ ਡੇਰਾ।
ਨਚਣ ਰੰਡੀਆਂ ਹੋਵਣ ਮੁਜਰੇ ਵਿਚ ਪਰਕਰਮਾਂ ਸਾਰੇ।
ਨਿਤ ਕੁਕਰਮੀ ਕਰਦੇ ਰਹਿੰਦੇ ਧਰਮੋਂਹੀਣੇ ਕਾਰੇ।
ਆਂਦੇ ਜਾਂਦੇ ਦੀ ਇਜ਼ਤ ਪਿਆਰੀ ਲੁਟਦੇ ਰਲਕੇ ਡਾਕੂ।
ਅਬਲਾਵਾਂ ਨੂੰ ਬੇਪੱਤ ਕਰਦੇ ਦਸ ਕੇ ਛੁਰੀਆਂ ਚਾਕੂ।
ਹਰ ਵੇਲੇ ਹਰ ਪਾਸੇ ਹੈਸੀ ਐਸੀ ਅੰਨ੍ਹੀ ਛਾਈ।
ਕਿ ਸਿਖ ਜਗਤ ਦੇ ਅੰਦਰ ਮਚ ਗਈ ਡਾਢੀ ਹਾਲ ਦੁਹਾਈ।
ਸਭ ਪੁਜਾਰੀ ਧਰਮ ਕਰਮ ਨੂੰ ਟੰਗ ਕੇ ਛਿਕੇ ਉੱਤੇ।
ਫਿਰਦੇ ਰਹਿੰਦੇ ਯਾਤਰੂਆਂ ਪਿਛੇ ਜਿਉਂ ਹਲਕਾਏ ਕੁੱਤੇ।
ਸਿੱਖ ਗੁਰੂ ਦੇ ਤੜਪੇ ਡਾਢੇ ਰੋਹ ਚੜ੍ਹਿਆ ਬਹੁ ਭਾਰੀ।
ਮਹੰਤ ਨਰੈਣੂ ਬਾਹਰ ਕਢਣ ਦੀ ਕਰਦੇ ਰੋਜ਼ ਤਿਆਰੀ।

ਭੂਤਰੇ ਭੂਤਰੇ ਰਹਿਣ ਪੁਜਾਰੀ ਹਰ ਸਮੇਂ ਹਰ ਵੇਲੇ।
ਘੂਰਨ ਕੇਸਾਂ ਵਾਲਿਆਂ ਤਾਂਈਂ ਕਢ ਕਢ ਕੈਰੇ ਡੇਲੇ।
ਅੰਗਰੇਜ਼ ਹਕੂਮਤ ਵੀ ਸਿਖਾਂ ਨੂੰ ਨਹੀਂ ਸੀ ਵੇਖ ਸੁਖਾਂਦੀ।
ਇਸ ਲਈ ਗੁਰੂਦੁਆਰਿਆਂ ਅੰਦਰ ਟਹੇ ਰੁਕਾਵਟ ਪਾਂਦੀ।
ਸ਼ੈਹ ਮਹੰਤ ਨੂੰ ਦੇਂਦੇ ਹੈਸਨ ਅਫਸਰ ਖ਼ੁਦ ਸਰਕਾਰੀ।
ਇਸ ਲਈ ਗੁਰੂਦੁਆਰੇ ਅੰਦਰ ਜਾਰੀ ਸੀ ਬਦਕਾਰੀ।
ਅਣਖੀ ਸਿਖ ਗੁਰੂ ਦੇ ਐਪਰ, ਕਿਸ ਤਰ੍ਹਾਂ, ਕਿਉਂ ਸਹਿੰਦੇ।
ਇਤਨੀ ਘੋਰ ਬੇਅਦਬੀ ਤਕ ਕੇ ਚੁਪ ਕਿਵੇਂ ਕਰ ਰਹਿੰਦੇ।
ਉਨੀ ਸੌ ਤੇ ਵੀਹ ਅਕਤੂਬਰ ਜੁੜ ਪਏ ਗੁਰੂ ਦੁਲਾਰੇ।
ਧਾਰੋਵਾਲ ਨਗਰ ਦੇ ਅੰਦਰ ਗੂੰਜ ਉਠੇ ਜੈਕਾਰੇ।
ਨਾਲ ਪਿਆਰ ਮਹੰਤ ਦੇ ਤਾਂਈਂ ਕਹਿਆ ਤੇ ਸਮਝਾਇਆ।
ਗੁਰੂਦਵਾਰੇ ਧਰਮ ਕਰਮ ਤੇ ਸ਼ਾਂਤੀ ਦਾ ਸਰਮਾਇਆ।
ਇਸ ਲਈ ਇਸ ਤੇ ਪਹਿਰਾ ਦੇਵੋਂ ਨਾਲ ਪਿਆਰ ਸਲੀਕੇ।
ਰਹਿਮਤ ਗੁਰੂ ਦੀ ਸਦਾ ਹੈ ਮਿਲਦੀ ਪਿਆਰ ਦਾ ਜੀਵਨ ਜੀ ਕੇ।
ਪਰ ਮੂਰਖ ਦੇ ਕੰਨਾਂ ਉਤੇ ਜ਼ਰਾ ਵੀ ਜੂੰ ਨ ਸਰਕੀ।
ਲਾਹ ਦਿਤੀ ਸਭ ਮੂੰਹ ਦੇ ਉਤੋਂ ਸ਼ਰਮ ਹੱਯਾ ਦੀ ਨਰਕੀ।
ਸਿਖ ਪੰਥ ਦਾ ਟਾਕਰਾ ਕਰਣਾ ਮਨ ਦੇ ਅੰਦਰ ਠਾਣੀ।
ਗੁੰਡੇ ਤੇ ਬਦਮਾਸ਼ ਬੁਲਾ ਕੇ ਕਰਣ ਲਗਾ ਮਨ ਮਾਨੀ।
ਰਖ ਲਏ ਨੌਕਰ ਗੁਰਦੁਆਰੇ ਤਨਖਾਹਦਾਰ ਸ਼ਰਾਬੀ।
ਕੀਰਤਨ ਕਥਾ ਮੁਕਣ ਲਗੇ, ਕਰ ਗਈ ਜ਼ੋਰ ਖਰਾਬੀ।
ਕਰਤਾਰ ਸਿੰਘ ਬੇਦੀ ਪੰਥ ਧਰੋਹੀ ਅਫੱਸਰ ਹੋਰ ਸਰਕਾਰੀ।
ਨਰੈਣ ਦਾਸ ਦੀ ਕਰਦੇ ਹੈਸਨ ਨਿਤ ਨਿਤ ਦੀ ਦਿਲਦਾਰੀ।
ਰਾਂਝਾ ਰਿਹਾਣਾ, ਇਸਮਾਈਲਾ, ਹੋਰ ਗੁੰਡੇ ਮੁਸ਼ਟੰਡੇ।
ਚੁਣ ਚੁਣ ਕੇ ਸਨ ਨਾਲ ਆਪਣੇ, ਮਹੰਤ ਨਰੈਣੂ ਗੰਦੇ।
ਗੁੰਡਿਆਂ ਨੂੰ ਹਥਿਆਰ ਦੇਣ ਲਈ, ਅੰਦਰ ਗੁਰੂਦੁਆਰੇ।
ਕਰ ਦਿਤੀਆਂ ਸਨ ਚਾਲੂ ਭਠੀਆਂ, ਨੀਚ, ਪਾਪੀ, ਹਤਿਆਰੇ।
ਛਵੀਆਂ, ਟਕੂਏ, ਡਾਂਗ ਕੁਹਾੜੇ, ਬਣਦੇ ਰਹੇ ਗੰਡਾਸੇ।
ਪਸਤੌਲ, ਬੰਦੂਕਾਂ ਅਸਲਾ ਭਾਰੀ ਪਥਰ ਮੋਟੇ ਭਾਰੇ।
ਤੇਲ ਦੇ ਪੀਪੇ ਜੋੜ ਜੋੜ ਕੇ ਭਰ ਲਏ ਕੋਠੇ ਸਾਰੇ।
ਫਾਟਕ ਨੂੰ ਮਜ਼ਬੂਤ ਕਰਾਇਆ ਲਾ ਕੇ ਲੋਹੇ ਭਾਰੇ।
ਸੱਠ ਪੈਂਠ ਮਹੰਤ ਤੇ ਸਾਧੂ ਫਿਰ ਕਠਿਆਂ ਉਸ ਕੀਤੇ।
ਸ਼ਰੋਮਣੀ ਕਮੇਟੀ ਛਡ ਛਡਾਣ ਦੇ, ਬਚਨ ਉਨ੍ਹਾਂ ਤੋਂ ਲੀਤੇ।

ਕਮੇਟੀ ਇਕ ਬਣਾਈ ਵਡੀ ਅੰਮ੍ਰਿਤਸਰ ਦੀ ਥਾਂ ਤੇ।
ਫੈਸਲਾ ਕੀਤਾ ਅਖਬਾਰ ਕਢਣ ਦਾ 'ਸੰਤ ਸੇਵਕ' ਦੇ ਨਾਂ ਤੇ।
ਨਰੈਣ ਦਾਸ ਤੇ ਬਸੰਤ ਦਾਸ ਸਨ ਦੋਵੇਂ ਅਗੇ ਆਏ।
ਪ੍ਰਧਾਨ ਸਕੱਤਰ ਦੋਹਾਂ ਨੇ ਸਭ ਔਹਦੇ ਆਪੋਂ ਪਾਏ।
ਇਸ ਤੋਂ ਪਿਛੋਂ ਮਹੰਤ ਨਰੈਣੂ, ਚੱਲੇ ਕਈ ਹੀ ਚਾਲੇ।
ਹੋਲੀ ਹੋਲੀ ਚਾਰ ਸੌ ਬੰਦੇ, ਬਰਛੇ, ਟਕੂਏ ਵਾਲੇ।
ਜਨਮ ਅਸਥਾਨ ਦੇ ਅੰਦਰ ਕੀਤੇ ਕਾਇਮ ਥਾਂਉਂ ਥਾਂਈਂ।
ਕਿਰਪਾਨ ਧਾਰਨੀ ਸਿਖਾਂ ਦੇ, ਆਣ ਦੀ ਕਰੀ ਮਨਾਹੀ।
ਪੰਥ ਦੇ ਅੰਦਰ ਫਿਕਰਾਂ ਪਈਆਂ ਤੋਖਲਾ ਵਧਿਆ ਭਾਰੀ।
ਹਾਲਤ ਗੁਰੂਦਵਾਰੇ ਦੀ, ਜਾਵੇ ਕਿਵੇਂ ਸਵਾਰੀ।
ਮਹੰਤ ਨਰੈਣੂ ਸੰਗ ਸਮਝੌਤਾ, ਕਿਸ ਤਰ੍ਹਾਂ ਹੁਣ ਹੋਵੇ।
ਕਰਤਾਰ ਸਿੰਘ ਝਬਰ, ਬੂਟਾ ਸਿੰਘ, ਗੱਲ ਕਰਣ ਰਲ ਦੋਵੇਂ।
ਅੰਦਰੋਂ ਅੰਦਰੀਂ ਮਹੰਤ ਹੋਇਆ ਸੀ, ਡਾਢਾ ਹੀ ਬਦਨੀਤਾ।
ਗਠਜੋੜ ਉਸ ਲਾਜਪਤ, ਤੇ ਹੋਰਨਾਂ ਦੇ ਸੰਗ ਕੀਤਾ।
ਟਾਲ ਮਟੋਲੇ ਕਰ ਕਰ ਉਸ ਨੇ, ਏਦਾਂ ਸਮਾਂ ਟਪਾਇਆ।
ਜਨਮ ਅਸਥਾਨ ਨੂੰ ਉਸ ਦਰਿੰਦੇ, ਤਕੜਾ ਕਿਲ੍ਹਾ ਬਣਾਇਆ।
ਅੰਤ ਹਾਰ ਕੇ ਪੰਥਕ ਮੁਖੀਆਂ, ਕੌਮੀ ਲੀਡਰ ਸਦੇ।
ਪੰਜ-ਛੇ ਮਾਰਚ ਸੰਨ ਇੱਕੀ ਨੂੰ, ਨਨਕਾਣੇ ਦੀ ਹਦੇ।
ਅੰਗਰੇਜ਼ ਨੇ ਸੁੰਦਰ ਸਿੰਘ ਮਜੀਠੇ, ਤਾਂਈਂ ਕਾਬੂ ਕੀਤਾ।
ਮਾਲ ਮੰਤਰੀ ਕੌਂਸਲ ਅੰਦਰ, ਲਾ ਕੇ ਉਹਨੂੰ ਫੀਤਾ।
ਇਸ ਲਈ ਸ਼੍ਰੋਮਣੀ ਕਮੇਟੀ ਦੀ, ਪ੍ਰਧਾਨਗੀ ਉਸ ਨੇ ਛਡੀ।
ਇਧਰ ਮਹੰਤ ਨੇ ਚੁਪ-ਚਪੀਤੇ ਕਰ ਲਈ ਇਕ ਗਲ ਵਡੀ।
ਰਾਮ ਗਲੀ ਦੇ ਆਪਣੇ ਘਰ ਵਿਚ ਮੀਟਿੰਗ ਇਕ ਬੁਲਾਈ।
ਸਿਖ ਨੇਤਾਵਾਂ ਨੂੰ ਮਾਰਣ ਦੀ ਗੁਪਤ ਸਕੀਮ ਬਣਾਈ।
ਬਮਨ, ਮਾਣਕ, ਬਾਘਿਆਂ ਵਾਲੇ ਦੇ ਮਹੰਤ ਪੁਜਾਰੀ।
ਮਾਝੇ ਦੇ ਕੁਝ ਜੱਟ ਵੀ ਬੈਹਕੇ, ਪੂਰੀ ਗਲ ਵਿਚਾਰੀ।
ਪੰਜ ਛੇ ਮਾਰਚ ਮੀਟਿੰਗ ਅੰਦਰ ਪੰਥ ਦੇ ਮੁਖੀਏ ਆਣੇ।
ਚੁਪ ਚੁਪੀਤੇ ਹਮਲਾ ਕਰਕੇ, ਤੁਸਾਂ ਮਾਰ ਮੁਕਾਣੇ।
ਪਾ ਦਿਆਂਗੇ ਅਸੀਂ ਰੌਲਾ, ਮਾਰ ਗਏ ਔਹ ਮਾਰੇ।
ਘੋੜੇ ਤੁਸੀਂ ਦੌੜ ਦੁੜਾ ਕੇ, ਜਾਣਾ ਹੋ ਕਿਨਾਰੇ।
ਵਰਿਆਮ ਸਿੰਘ ਸੀ ਕੋਲ ਮਹੰਤ, ਆਂਦਾ ਭੌਜਿਆਂ ਵਾਲਾ।
ਉਸ ਨੇ ਝਬਰ ਤਾਂਈਂ ਪੁਚਾਇਆ ਮਹੰਤ ਦਾ ਇਹ ਕੁਚਾਲਾ।

ਅੱਖਾਂ ਖੁਲ੍ਹੀਆਂ ਸਿੰਘਾਂ ਦੀਆਂ, ਸੁਣ ਕੇ ਇਹ ਗਲ ਸਾਰੀ।
ਝਬਰ, ਲਛਮਣ, ਟਹਿਲ ਸਿੰਘ ਤੇ ਤੇਜਾ ਸਿੰਘ ਵੀਚਾਰੀ।
ਸਿੱਖ-ਸਨਾਤਨ ਕਾਨਫਰੰਸ ਹੈ ਵਿਚ ਫਰਵਰੀ ਹੋਣੀ।
ਉਨੀ-ਵੀਹ ਤਾਰੀਖ ਨੂੰ ਅਸਾਂ ਤੱਦ ਇਹ ਪੁਣੀ ਛੋਹਣੀ।
ਉਸ ਦਿਨ ਹੈ ਮਹੰਤ ਲਾਹੌਰ ਨੂੰ ਉਸ ਮੀਟਿੰਗ ਵਿਚ ਜਾਣਾ।
ਪਿਛੋਂ ਜਾ ਕੇ ਨਨਕਾਣੇ ਵਿਚ ਅਸਾਂ ਕਬਜ਼ਾ ਪਾਣਾ।
ਪਤਾ ਸ਼ਰੋਮਣੀ ਕਮੇਟੀ ਤਾਂਈਂ, ਜ਼ਰਾ ਨਾ ਇਸ ਦਾ ਲਗੇ।
ਕਿਉਂਕਿ ਉਨਾਂ ਇਸ ਤਰੀਕੇ, ਜਾਣ ਨਹੀਂ ਦੇਣਾ ਅਗੇ।
ਮਾਸਟਰ ਜੀ ਤੇ ਸਮੁੰਦਰੀ ਤਾਂਈਂ, ਪੁਜ ਗਈ ਇਹ ਗਲ ਸਾਰੀ।
ਸੁਚਾ ਸਿੰਘ ਜੋ ਚਕੀਏ ਰਾਹੀਂ ਕਰ ਘਲੀ ਇਨਕਾਰੀ।
ਜਸਵੰਤ ਝਬਾਲ ਦਲੀਪ ਸਿੰਘ ਤਾਂਈਂ, ਘਲਿਆ ਚੂਹੜ ਕਾਣੇ।
ਰੁਕ ਜਾਵਨ ਸਭ ਜਥੇ ਪਿਛੇ ਅਗੇ ਨਹੀਂ ਲਿਜਾਣੇ।
ਲਾਇਲਪੁਰ ਤੋਂ ਸੱਠ ਸਿੰਘ ਲੈ, ਤੇਜਾ ਸਿੰਘ ਜੀ ਆਏ।
ਦਲੀਪ ਸਿੰਘ ਨੇ ਮਿਲ ਕੇ ਅਗੇ, ਸਭ ਨੂੰ ਰੋਕੇ ਪਾਏ।
ਲਛਮਣ ਸਿੰਘ ਦਾ ਜੱਥਾ ਸਿਧਾ, ਜਾਣਾ ਸੀ ਨਨਕਾਣੇ।
ਦਲੀਪ ਸਿੰਘ ਫਿਰ ਉਧਰ ਭਜਿਆ, ਪੁਜਿਆ ਜਾ ਟਿਕਾਣੇ।
ਪੁਜਿਆ ਐਪਰ ਜੱਥਾ ਨਹੀਂ ਸੀ, ਲਛਮਣ ਸਿੰਘ ਦਾ ਹਾਲੇ।
ਦਲੀਪ ਸਿੰਘ ਜੀ ਉਸ ਜਥੇ ਨੂੰ, ਮਿਲਣੇ ਲਈ ਸਨ ਕਾਹਲੇ।
ਛੇਤੀ ਛੇਤੀ ਉਤਮ ਸਿੰਘ ਦੇ, ਕਾਰਖਾਨੇ ਵਿਚ ਜਾ ਕੇ।
ਵਰਯਾਮ ਸਿੰਘ ਦੇ ਹੱਥ ਵਿਚ ਚਿਠੀ, ਰੋਕਣ ਦੀ ਪਕੜਾ ਕੇ।
ਕਹਿਆ ਭਾਲ ਕੇ ਪਿੰਡਾਂ ਵਿਚ, ਜੱਥਾ ਇਹ ਰੁਕਵਾਵੋ।
ਪੰਥ ਪਿਆਰੇ ਦੇ ਹੁਕਮ ਤੇ; ਸਾਰੇ ਫੁਲ ਚੜ੍ਹਾਵੋ।
ਏਧਰ ਲਛਮਣ ਸਿੰਘ ਟਹਿਲ ਸਿੰਘ, ਉਨੀ ਫਰਵਰੀ ਚਲੇ।
ਪਿੰਡਾਂ ਵਿਚੋਂ ਹੋਰ ਮਰਜੀਵੜੇ, ਕਈ ਉਨ੍ਹਾਂ ਸੰਗ ਰਲੇ।
ਸਾਰੇ ਜਥੇ ਪਰੱਣ ਸੀ ਕੀਤਾ ਵਾਹਿਗੁਰੂ ਫਤਿਹ ਗਜਾ ਕੇ।
ਗੁਰੁਦੁਆਰਾ ਆਜ਼ਾਦ ਕਰਾਣਾ, ਆਪਣਾ ਸੀਸ ਲਗਾ ਕੇ।
ਪੁਜ ਗਿਆ ਨਨਕਾਣੇ ਜਥਾ, ਛੇ ਮੀਲ ਦੀ ਦੂਰੀ।
ਕੋਟ ਦਰਬਾਰ ਦੀ ਜੂਹ ਵਿਚ ਲਈ, ਲਛਮਣ ਸਿੰਘ ਮਨਜ਼ੂਰੀ।
ਹੱਥ ਉਠਾਣਾ ਪਿਲਕੁਲ ਨਹੀਂ ਹੈ, ਸ਼ਾਂਤਮਈ ਹੈ ਰਹਿਣਾ।
ਹਰ ਕਿਸਮ ਦਾ ਦੁਖ ਤਸੀਹਾ, ਤਨ ਅਪਣੇ ਤੇ ਸਹਿਣਾ।
ਜਨਮ ਅਸਥਾਨ ਤੋਂ ਅੱਧ ਮੀਲ ਹੀ, ਭਠਿਆਂ ਉਤੇ ਖਲੋ ਕੇ।
ਜਥੇਦਾਰ ਅਰਦਾਸਾ ਕੀਤਾ, ਸੰਗਤ ਸਨਮੁਖ ਹੋ ਕੇ।

ਹੇ ਗੁਰੂ ਨਾਨਕ ਸੋਹਣੇ ਸਾਂਈਂ, ਮੇਹਰ ਕਰੀਂ ਤੂ ਪਿਆਰੇ।
ਤੇਰੇ ਦਰ ਦੇ ਕੂਕਰ ਆਏ, ਤੇਰੇ ਕਰਣ ਦੀਦਾਰੇ।
ਸਾਰਿਆਂ ਨੇ ਹੈ ਮਨ ਅਪਣੇ ਵਿਚ, ਸਾਈਆਂ ਇਹ ਗਲ ਕੀਤੀ।
ਜੋ ਤੇਰੇ ਦਰਬਾਰ ਦੇ ਅੰਦਰ, ਹੋ ਰਹੀ ਹੈ ਕੁਰੀਤੀ।
ਲਹੂ ਆਪਣੇ ਨਾਲ ਧੋਵੀਏ, ਦੇ ਬਲ ਹਿੰਮਤ ਸਾਈਆਂ।
ਜਿੰਦਾਂ ਲਗਣ ਤੇਰੇ ਦਰ ਤੇ, ਹੋਵਣ ਸਫਲ ਕਮਾਈਆਂ।
ਕਰ ਅਰਦਾਸਾ ਪਾਣ ਲਗਾ ਸੀ ਜਥਾ ਇਥੋਂ ਹੀ ਚਾਲੇ।
ਚਿਠੀ ਦਿਤੀ ਲਛਮਣ ਸਿੰਘ, ਨੂੰ ਆ ਕੇ ਭੇਜਿਆਂ ਵਾਲੇ।
ਵਰਯਾਮ ਸਿੰਘ ਨੇ ਜਥੇਦਾਰ ਨੂੰ, ਦਸਿਆ ਸਭ ਕੁਝ ਸਾਰਾ।
ਰੋਕ ਰੁਕਾਣਾ ਜਥਿਆਂ ਤਾਂਈਂ, ਪੰਥ ਫੈਸਲਾ ਭਾਰਾ।
ਪਰ ਟਹਿਲ ਸਿੰਘ ਨੇ ਕਹਿਆ ਅਗੋਂ, ਸੁਣੋਂ ਗੁਰੂ ਸਵਾਰੇ।
ਜ਼ਿੰਦਗੀਆਂ ਵਾਰ ਅਸਾਂ ਨੇ ਦੇਣੀਆਂ ਖਾਤਰ ਗੁਰੂਦਵਾਰੇ।
ਇਹ ਬਚਨ ਅਸਾਂ ਨੇ ਕੀਤਾ, ਕੀਤਾ ਹੈ ਅਰਦਾਸਾ।
ਨਨਕਾਣਾ ਆਜ਼ਾਦ ਕਰਾਣਾ, ਗੁਰੂ ਤੇ ਰਖ ਭਰਵਾਸਾ।
ਕੰਮ ਨਹੀਂ ਹੈ ਸੂਰਮਿਆਂ ਦਾ, ਬਚਨ ਕੀਤੇ ਤੋਂ ਫਿਰਨਾ।
ਗੁਰੂਦਵਾਰੇ ਜ਼ਰੂਰ ਹੈ ਪੁਜਣਾ, ਲਾਵੋਂ ਕੋਈ ਚਿਰ ਨਾ।
ਅਸਾਂ ਸ਼ਹੀਦੀ ਪਾਣੀ ਹਸ ਕੇ, ਇਹ ਮਨ ਵਿਚ ਹੈ ਧਾਰੀ।
ਲਾਜ ਅਸਾਡੀ ਰਖਸੀ ਆਪੇ, ਗੁਰੂ ਨਾਨਕ ਨਿਰੰਕਾਰੀ।
ਅਗੇ ਵਧਣੋਂ ਰੁਕ ਨ ਸਕੇ, ਇਹ ਧਰਮੀ ਪਰਵਾਨੇ।
ਲਾੜ੍ਹੀ ਮੌਤ ਵਿਆਹੁਣ ਚਲੇ, ਬੰਨ੍ਹ ਸ਼ਹੀਦੀ ਗਾਨੇ।
ਉਨੀ ਫਰਵਰੀ ਸ਼ਾਮ ਦਾ ਪਹਿਰਾ, ਟਾਈਮ ਸੀ ਤਿੰਨ ਚੁਤਾਲੀ।
ਲਾਹੌਰ ਦੀ ਗਡੀ ਅੰਦਰ ਬੈਠਾ, ਨਰੈਣੂ ਸੀਟ ਸੰਭਾਲੀ।
ਘਲ ਦਿਤਾ ਸੀ ਟਬਰ ਪਹਿਲਾਂ ਉਸ ਲਾਹੌਰ ਨੂੰ ਸਾਰਾ।
ਪੈਸਾ, ਟਕਾ, ਕਾਗਜ਼ ਪਤਰਾ, ਕਰ ਕੇ ਉਸ ਨੇ ਚਾਰਾ।
ਕਸੂਰ ਥਾਣੇ ਦੇ ਅੰਦਰ ਕੀਤੇ, ਉਸ ਪਰਬੰਧ ਸੀ ਪੂਰੇ।
ਦਸ ਨੰਬਰੀਏ ਬਦਮਾਸ਼ ਜੋ ਹੈਸਨ, ਰਹਿੰਦੇ ਉਸ ਹਜ਼ੂਰੇ।
ਹਾਜ਼ਰੀ ਉਨ੍ਹਾਂ ਦੀ ਉਥੇ ਲਗੇ, ਤਾਂ ਜੋ ਪਤਾ ਨਾ ਲਗੇ।
ਆਮਲ, ਰਿਹਾਣਾ, ਵਿਸਾਖਾ, ਕੁੰਦੀ, ਗੁੰਡੇ ਬਦੂਏ ਢਗੇ।
ਇਧਰ ਪੁਜ ਕੇ ਟੇਸ਼ਨ ਉਤੇ ਉਸ ਨੂੰ ਕਹਿਆ ਚੂਹੜੀ।
'ਬਚਿਆਣੇ' ਹੈ ਜੱਥਾ ਆਇਆ, ਵਲੇਟਣ ਤੇਰੀ ਭੂਹੜੀ।
ਮੁੜ ਪਿਆ ਵਾਪਸ ਉਸੇ ਵੇਲੇਂ, ਕੀਤੀ ਆਣ ਤਿਆਰੀ।
ਜਿਉਂ ਹੀ ਸੰਗਤਾਂ ਅੰਦਰ ਆਵਣ, ਕਰ ਦਿਉ ਵਾਛੜ ਭਾਰੀ।

ਇਹ ਸਾਰੀ ਸਕੀਮ ਬਣਾਈ, ਉਸ ਖੂਨੀ ਹਤਿਆਰੇ ।
ਕੋਠਿਆਂ ਦੀਆਂ ਛਤਾਂ ਉਤੇ, ਗੁੰਡੇ ਉਸ ਖਲਿਆਰੇ ।
ਕਰ ਇਸ਼ਨਾਨ ਅਕਾਲੀ ਸਭੇ ਗੁਰੂਦਵਾਰੇ ਆਏ ।
ਪੌਣੇ ਛੇ ਤੇ ਛੇ ਵਿਚਾਲੇ ਦਰਸ਼ਨ ਅੰਦਰ ਪਾਏ ।
ਚੌਖੰਡੀ ਪਰਕਾਸ਼ ਅਸਥਾਨ ਤੇ, ਸੰਗਤ ਬਹਿ ਗਈ ਸਾਰੀ ।
ਧੁਨ ਗੁਰੂ ਨਾਨਕ ਵਾਲੀ ਲਾ ਕੇ, ਕੀਰਤਨ ਹੋ ਗਿਆ ਜਾਰੀ ।
ਤਾਬਿਆ ਬੈਠਿਆ ਲਛਮਣ ਸਿੰਘ ਸੀ, ਪਿਆ ਚੌਰ ਝੁਲਾਵੇ ।
ਦਖਣ ਦੀ ਗੁਠ ਵਿਚੋਂ ਤਕਿਆ, ਗੋਲੀਆਂ ਦਾ ਮੀਂਹ ਆਵੇ ।
ਸਾਧੂ ਕੁਝ ਸੰਗਤ ਵਿਚ ਬੈਠੇ, ਉਠ ਗਏ ਹੌਲੀ ਹੌਲੀ ।
ਗੋਲੀਆਂ ਦੀ ਵਾਛੜ ਨੇ ਪਾਈ, ਬਾਹਰ ਅੰਦਰ ਰੌਲੀ ।
ਨਾਲ ਗੋਲੀਆਂ ਭੁੰਨ ਦਿਤੇ ਗਏ, ਬਾਹਰ ਬੈਠੇ ਸਾਰੇ ।
ਉਤਰ ਛਤਾਂ ਤੋਂ ਬਦਮਾਸ਼ਾਂ ਨੇ, ਨਾਲ ਗੰਡਾਸਿਆਂ ਮਾਰੇ ।
ਚੌਖੰਡੀ ਦੀ ਪਛਮੀ ਬਾਂਹੀਉਂ, ਗੋਲੀ ਇਉਂਕਰ ਆਈ ।
ਕਿ ਅੰਦਰ ਬੈਠੇ ਸਿੰਘਾਂ ਨੇ ਵੀ, ਸ਼ਾਂਤ ਸ਼ਹੀਦੀ ਪਾਈ ।
ਗੁਰੂ ਗਰੰਥ ਦੀ ਦੇਹ ਪਵਿਤਰ, ਤੇ ਵੀ ਗੋਲੀਆਂ ਵਸੀਆਂ ।
ਸਾਂਹਵੇਂ ਸਭ ਦੀਵਾਰਾਂ ਅੰਦਰ ਠਾਹ ਠਾਹ ਕਰਕੇ ਧਸੀਆਂ ।
ਫਟੜ ਤੇ ਸ਼ਹੀਦ ਸਿੰਘਾਂ ਦੇ ਲਹੂ ਭਰੇ ਪਰਨਾਲੇ ।
ਪਰਕਾਸ਼ ਅਸਥਾਨ ਤੋਂ ਬਾਹਰ ਤਰਫ ਨੂੰ, ਵਗ ਪਏ ਬਣਕੇ ਨਾਲੇ ।
ਗੋਲੀਆਂ ਦੀਆਂ ਆਵਾਜ਼ਾਂ ਸੁਣੀਆਂ, ਬਾਹਰੀ ਦੁਨੀਆਂ ਸਾਰੀ ।
ਵਰਯਾਮ ਸਿੰਘ, ਦਲੀਪ ਸਿੰਘ ਵੀ, ਪੁਜ ਗਏ ਮਾਰ ਉਡਾਰੀ ।
ਦਰਸ਼ਨੀ ਡੇਉੜੀ ਤਕੀ ਉਨ੍ਹਾਂ, ਹਾਲਤ ਪੁਜ ਕੇ ਸਾਰੀ ।
ਸਿੰਘਾਂ ਤਾਈਂ ਕਤਲ ਕਰਣ ਦਾ ਕੰਮ ਜ਼ੋਰਾਂ ਵਿਚ ਜਾਰੀ ।
ਮਹੰਤ ਨਰੈਣੂ ਦਲੀਪ ਹੁਰਾਂ ਨੂੰ, ਚੰਗੀ ਤਰ੍ਹਾਂ ਹੀ ਜਾਣੇ ।
ਪਰ ਖੂਨੀ ਨੇ ਨਸ਼ੇ ਦੇ ਅੰਦਰ, ਬਿਲਕੁਲ ਨਾ ਪਛਾਣੇ ।
ਮਾਰ ਕੇ ਗੋਲੀ ਦਲੀਪ ਸਿੰਘ ਨੂੰ, ਸਿਟਿਆ ਧਰਤੀ ਉਤੇ ।
ਵਰਯਾਮ ਸਿੰਘ ਵੀ ਥਾਂ ਮਾਰਿਆ, ਉਸ ਹਲਕਾਏ ਕੁੱਤੇ ।
ਘੁਮਿਆਰਾਂ ਦੀਆਂ ਭਠੀਆਂ ਅੰਦਰ, ਚੁਕ ਦੋਹਾਂ ਨੂੰ ਪਾਇਆ ।
ਪੰਜ ਸੱਤ ਹੋਰ ਸਿੰਘਾਂ ਦੇ ਤਾਂਈਂ, ਉਹਨਾਂ ਨਾਲ ਰਲਾਇਆ ।
ਫਟੜ ਜੋ ਚੌਖੰਡੀ ਪਏ ਸੀ, ਕੀਤੇ ਟੋਟੇ ਟੋਟੇ ।
ਕਮਰਿਆਂ ਵਿਚੋਂ ਕਢ ਕਢ ਕੇ, ਤੇ ਟੁਕੇ ਪੋਟੇ ਪੋਟੇ ।
ਇਸ ਤੋਂ ਪਿਛੋਂ ਗੇਟ ਖੋਲ੍ਹ ਕੇ, ਨਿਕਲੇ ਬਾਹਰ ਮੁਸ਼ਟੰਡ ।
ਕਟੀ ਜਾਵਨ ਸਿੰਘਾਂ ਤਾਂਈਂ, ਜਿਉਂ ਗੰਨੇ ਤੇ ਗੰਡੇ ।

ਮਹੰਤ ਅਗੇ ਸੀ ਉਚੀ ਉਚੀ, ਪਿਆ ਸ਼ੋਰ ਮਚਾਵੇ।
ਕੇਸਾਂ ਵਾਲੇ ਵਢੀ ਜਾਵੋ, ਕੋਈ ਵੀ ਬੱਚ ਨਾ ਜਾਵੇ।
ਖੇਤਾਂ ਵਿਚੋਂ ਢੂੰਡ ਬੇਦੋਸੇ, ਸਿੰਘ ਗੁਰੂ ਦੇ ਵਢੇ।
ਇਸ ਤਰ੍ਹਾਂ ਸੀ ਭੂਤਰੇ ਹੋਏ, ਉਹ ਮੁਸਟੰਡੇ ਸੰਢੇ।
ਤੇਲ ਮਿਟੀ ਦਾ ਪਾ ਪਾ ਕੇ, ਤੇ ਫਟੜ ਅੰਦਰ ਸਾੜੇ
ਬਲਦੀਆਂ ਹੋਈਆਂ ਭਠੀਆਂ ਅੰਦਰ, ਬੱਚੇ ਵੀ ਚੁਕ ਸਾੜੇ।
ਲਛਮਣ ਸਿੰਘ ਨੂੰ ਸਾੜਿਆ ਗਿਆ ਬੰਨ੍ਹ ਕੇ ਜੰਡ ਦੇ ਨਾਲੇ।
ਚੁਕ ਚੁਕ ਕੇ ਸ਼ਹੀਦ ਪਏ ਵੀ ਭਠੀਆਂ ਦੇ ਵਿਚ ਬਾਲੇ।
ਟੇਸ਼ਨ, ਸ਼ਹਿਰ, ਬਜ਼ਾਰਾਂ ਅੰਦਰ, ਜੋ ਸਿਖ ਨਜ਼ਰੀਂ ਆਇਆ।
ਵਢਿਆ ਟੁਕਿਆ ਫੂਕਿਆ ਭੰਨਿਆ, ਬਲਦੀ ਅੱਗ ਵਿਚ ਪਾਇਆ।
ਜਨਮ ਅਸਥਾਨ ਦੇ ਅੰਦਰ ਹੈਸੀ, ਐਸੀ ਬਣੀ ਕਹਾਣੀ।
ਬੋਲ ਰਹੀਆਂ ਅਧ-ਸੜੀਆਂ ਲੋਥਾਂ, ਮੁਖ ਤੋਂ ਇਹ ਸੀ ਬਾਣੀ।
ਤੇਰੇ ਦਰ ਤੇ ਤੇਰੇ ਕੂਕਰ, ਹੇ ਗੁਰੂ ਨਾਨਕ ਪਿਆਰੇ।
ਜਗਦੇ ਰਹਿਣ ਸਦਾ ਹੀ ਜੱਗ ਤੇ, ਬਣ ਕੇ ਚੰਨ ਸਤਾਰੇ।
ਰਹਿਣ ਸਲਾਮਤ ਤੇਰੀਆਂ ਸੰਗਤਾਂ, ਤੇਰੇ ਗੁਰੂ ਦਵਾਰੇ।
ਵਿਚ ਅਸਮਾਨਾਂ ਝੰਡੇ ਤੇਰੇ, ਦੇਂਦੇ ਰਹਿਣ ਦੀਦਾਰੇ।
ਚੁਣ ਚੁਣ ਕੇ ਫਿਰ ਲੋਥਾਂ ਖੋਪਰ, ਇਕ ਥਾਂ ਕਠੇ ਕੀਤੇ।
ਤੇਲ ਮਿਟੀ ਦਾ ਪਾ ਪਾ ਸਾੜੇ, ਜਿਉਂ ਲਕੜੀ ਦੇ ਫੀਤੇ।
ਵੀਹ ਫਰਵਰੀ ਸਨ ਇਕੀ ਤੇ ਵਕਤ ਸੀ ਅੱਠ ਸਵੇਰੇ।
ਮਾਂਗਟਾਂਵਾਲੇ ਵਿਚ ਲਗੇ ਸਨ, ਡੀ. ਸੀ. 'ਕਰੀ' ਦੇ ਡੇਰੇ।
ਬਾਰ੍ਹਾਂ ਵਜ ਕੇ ਤੀਹ ਮਿੰਟ ਤੇ ਮੌਕਾ ਵੇਖਣ ਆਇਆ।
ਇਸ ਦੇ ਪਿਛੋਂ ਲਾਹੌਰ ਦੇ ਵਿਚੋਂ, ਫੌਜ ਦੇ ਤਾਂਈਂ ਬੁਲਵਾਇਆ।
ਉਤਮ ਸਿੰਘ ਕਾਰਖਾਨੇ ਵਾਲੇ, ਪਾਇਆ ਚੀਕ ਚਿਹਾੜਾ।
ਖਬਰਾਂ ਬਾਹਰ ਪੁਚਾਵਨ ਦੇ ਲਈ, ਕੀਤਾ ਤਰਲਾ ਹਾੜਾ।
ਸਟੇਸ਼ਨ ਮਾਸਟਰ ਕਰਮ ਸਿੰਘ ਨੇ, ਘਲੀਆਂ ਹਰ ਥਾਂ ਤਾਰਾਂ।
ਪੁਜਣ ਲਗ ਪਈਆਂ ਹਰ ਤਰਫ ਤੋਂ, ਸਿੰਘਾਂ ਦੀਆਂ ਡਾਰਾਂ।
ਦੋ ਵਜੇ ਤਕ ਸੜਦੀਆਂ ਰਹੀਆਂ, ਲਾਸ਼ਾਂ ਉਸ ਦਿਹਾੜੇ।
ਜਨਮ ਅਸਥਾਨ ਦੇ ਗੇਟ ਨੂੰ ਡੀ. ਸੀ. ਜੰਦਰੇ ਆਪੋਂ ਚਾੜ੍ਹੇ।
ਕਬਜ਼ੇ ਆਪਣੇ ਅੰਦਰ ਕੀਤਾ, ਉਸ ਨੇ ਗੁਰੂ ਦੁਆਰਾ।
ਬੰਦ ਨਨਕਾਣੇ ਆਣ ਜਾਣ ਦਾ, ਰਸਤਾ ਕੀਤਾ ਸਾਰਾ।
ਪੁਲਸ ਡਿਪਟੀ ਕਿੰਗ ਕਮਿਸ਼ਨਰ, ਰਾਤ ਸਵਾ ਨੌਂ ਆਏ।
ਛਬੀ ਪਠਾਣ ਤੇ ਮਹੰਤ ਨਰੈਣੂ, ਪਕੜ ਲਹੌਰ ਪੁਚਾਏ।

ਨੱਸ ਗਏ ਕੁਲ ਮੁਸ਼ਟੰਡੇ ਏਥੋਂ, ਨਸ ਗਏ ਕੁਲ ਜਰਵਾਣੇ।
ਸਿੱਖ ਡਾਕਟਰ, ਵਕੀਲ ਤੇ ਆਗੂ, ਪੁਜ ਪਏ ਕੁਝ ਨਨਕਾਣੇ।
ਫੌਜ ਗਡੀ ਵਿਚ ਵੀਹ ਫਰਵਰੀ ਮਹਿਤਾਬ ਸਿੰਘ ਸੀ ਆਇਆ।
ਹਾਲ ਦੇਖ ਦਰਬਾਰ ਦਾ ਅੰਦਰ, ਘਬਰਾਇਆ ਤੇ ਚਕਰਾਇਆ।
ਰਾਮਗੜੀਆ ਸੁੰਦਰ ਸਿੰਘ ਤੇ ਸਿੰਘ ਹਰਬੰਸ ਅਟਾਰੀ।
ਇਕੀ ਫਰਵਰੀ ਦੁਪਹਿਰੇ ਆਏ, ਤਕੀ ਆ ਗਲ ਸਾਰੀ
ਸ਼ਮਸ਼ਾਨ ਭੂਮੀ ਸੀ ਬਣਿਆ ਹੋਇਆ, ਸੋਹਣਾ ਗੁਰੂ ਦਵਾਰਾ।
ਥਾਂ ਥਾਂ ਕੇਸਾਂ ਕੰਘਿਆਂ ਦਾ, ਹੈਸੀ ਪਿਆ ਖਿਲਾਰਾ।
ਦਿਤਾ ਹੁਕਮ ਪੜਤਾਲ ਕਰਣ ਦਾ, ਕਿੰਗ ਕਮਿਸ਼ਨਰ ਗੋਰੇ।
ਚੌਖੰਡੀ ਪਰਕਾਸ਼ ਥਾਨ ਪਰਕਰਮਾਂ ਭਠੀਆਂ ਭੋਰੇ।
ਹੇਠਾਂ ਉਪਰ ਅੰਦਰ ਬਾਹਰ ਦੇਖੀਆਂ ਥਾਵਾਂ ਸਭੇ।
ਲਾਸ਼ਾਂ ਖੱਪਰ ਡੇਢ ਸੌ ਸੀ ਖਿਲਰੇ ਹੋਏ ਲਭੇ।
ਜਿਨ੍ਹਾਂ ਵਿਚੋਂ ਨਾਮ ਛਿਆਸੀ ਜਾਣ ਸਕੇ ਗਏ ਸਾਰੇ।
ਬਾਕੀਆਂ ਦਾ ਕੋਈ ਪਤਾ ਨ ਚਲਿਆ ਕੌਣ ਕੇਹੜੇ ਗਏ ਮਾਰੇ।
ਵੀਹ ਫਰਵਰੀ ਗਿਆਰਾਂ ਵਜੇ ਅੰਦਰ ਚੂਹੜਕਾਣੇ।
ਖਬਰਾਂ ਪੁਜੀਆਂ ਹੋ ਗਿਆ ਏ ਸਾਕਾ ਅਜ ਨਨਕਾਣੇ।
ਇਹ ਸੁਣ ਕੇ ਕਰਤਾਰ ਸਿੰਘ ਝਬਰ, ਛਡ ਦਿਤੇ ਜੈਕਾਰੇ।
ਚਲੇ ਸਿੰਘ ਬੰਨ੍ਹ ਕਫਨ ਸਿਰਾਂ ਤੇ, ਆ ਗਏ ਸੱਦੇ ਭਾਰੇ।
ਪਾਉਣ ਸ਼ਹੀਦੀਆਂ ਤੁਰ ਪਏ ਉਠ ਕੇ, ਚਾਹਵਾਂ ਦੇ ਵਿਚ ਜਥੇ।
ਨਸਦੇ ਜਾਵਣ ਸ਼ੌਕ ਕਿਸੇ ਵਿਚ, ਨੈਣ ਚਮਕਦੇ ਮਥੇ।
ਦੋ ਮੀਲ ਨਨਕਾਣਿਉਂ ਉਰੇ, ਰੁਕ ਗਏ ਸਿੰਘ ਇਕ ਪਾਸੇ।
ਹਥ ਜੋੜ ਕੇ ਮਰਨ ਮਾਰਨ ਦੇ, ਕੀਤੇ ਗਏ ਅਰਦਾਸੇ।
ਸਾਂਹਵੇਂ ਨਿਤਰ ਕੇ ਬਾਈ ਸੌ ਆ ਗਏ ਸਿੰਘ ਗੁਰੂ ਦੇ ਪਿਆਰੇ।
ਦੋ ਦੋ ਸੌ ਦੇ ਜਥਿਆਂ ਅੰਦਰ ਵੰਡ ਦਿਤੇ ਗਏ ਸਾਰੇ।
ਪਾਣ ਸ਼ਹੀਦੀਆਂ ਤਿਆਰ ਹੋ ਨਿਕਲੇ, ਅਣਖੀ ਸਿੰਘ ਇਹ ਸੂਰੇ।
ਵਕੀਲ ਸਰਕਾਰੀ ਮਤਾਬ ਸਿੰਘ ਜੀ ਭਜ ਕੇ ਆ ਗਏ ਮੂਹਰੇ।
ਰੋਕ ਜਥੇ ਨੂੰ ਕਹਿਆ ਖੜ ਕੇ ਸਿੰਘ ਜੀ ਅਗੇ ਨ ਜਾਣਾ।
ਅਗੇ ਵਲ ਮਸ਼ੀਨ ਗੰਨਾਂ ਨੇ, ਬੀੜੀਆਂ ਫੌਜੀ ਜੁਆਨਾਂ।
ਤਾਂ ਝਬਰ ਕਰਤਾਰ ਬੋਲਿਆ ਅਸਾਂ ਸਬਰ ਨਹੀਂ ਕਰਣਾ।
ਗੁਰਦੁਆਰਾ ਆਜ਼ਾਦ ਕਰਾਣਾ ਸਨਮੁਖ ਹੋ ਕੇ ਮਰਣਾ।

ਹਥੋਂ ਹਥੀਂ ਗੋਰਿਆਂ ਕੋਲੋਂ ਖੋਹ ਲਉ ਸਿੰਘੋ ਮਸ਼ੀਨਾਂ।
ਕਬਜ਼ਾ ਕਰ ਲਉ ਗੁਰੂਦਵਾਰੇ ਤੇ, ਤਾਂ ਤੁਹਾਡਾ ਜੀਨਾ।
ਇਹ ਕਹਿਕੇ ਤੇ ਵਧਿਆ ਜਥਾ ਰੋਕਿਆਂ ਵੀ ਨ ਰੁਕਿਆ।
ਹਰ ਕਦਮ ਜ਼ਿਮੀਂ ਦੇ ਉਤੇ, ਕਿਲੇ ਵਾਂਗੂ ਠੁਕਿਆ।
ਗਾਂਦੇ ਹੋਏ ਗੀਤ ਗਰੂ ਦੇ, ਪੜ੍ਹਦੇ ਹੋਏ ਗੁਰਬਾਣੀ।
ਉਡਦੇ ਜਾਵਨ ਵਾਂਗ ਹਵਾ ਦੇ, ਰੁੜ੍ਹਦੇ ਵਾਂਗੂ ਪਾਣੀ।
ਲਾਈਨਾਂ ਪਾਸ ਜਾ ਪੁਜਿਆ, ਜਥਾ ਕਰਦਾ ਮਾਰੋ ਮਾਰੀ।
ਅਗੋਂ ਆ ਕੇ ਫਿਰ ਮਿਲ ਪਿਆ, ਅਮਲਾ ਸਭ ਸਰਕਾਰੀ।
ਕਿੰਗ ਕਮਿਸ਼ਨਰ ਪੁਲਸ ਜਨਰਲ ਡੀ. ਸੀ. ਸੀਗਾ ਕਾਹਰੀ।
ਫੌਜੀ ਅਫਸਰ ਮਤਾਬ ਸਿੰਘ ਤੇ ਸਿੰਘ ਹਰਬੰਸ ਅਟਾਰੀ।
ਨਾਲ ਉਨ੍ਹਾਂ ਦੇ ਲਾਲ ਸਿੰਘ, ਜੋਧ ਸਿੰਘ ਸੀ ਭਾਈ।
ਡੀ. ਸੀ. ਰੋਕ ਕੇ ਜਥੇ ਤਾਂਈਂ, ਆਪਣੀ ਗਲ ਚਲਾਈ।
ਅਗੇ ਫੋਜ਼ ਮਸ਼ੀਨ ਗੰਨਾਂ ਹੈ, ਤਾਣ ਕੇ ਖੜੀ ਹੋਈ।
ਅਗੇ ਵਧਿਆਂ ਬਚ ਨਹੀਂ ਸਕਣਾ, ਉਸ ਜਗ੍ਹਾ ਤੇ ਕੋਈ।
ਝਬਰ ਅਗੋਂ ਗਜ ਕੇ ਬੋਲੇ, ਮਾਰ ਤਕੋ ਖਾਂ ਗੋਲੀ।
ਫਿਰ ਵੇਖਣਾ ਸਿੰਘ ਗੁਰੂ ਦੇ, ਕਿਵੇਂ ਖੇਡਦੇ ਹੋਲੀ।
ਹੱਥ ਜਵਾਨਾਂ ਸਾਡਿਆਂ ਦਸਣੇ, ਅਜ ਸਾਂਹਵੇਂ ਹੀ ਖੜਕੇ।
ਚਾਬੀਆਂ ਗਰੂ ਦੁਆਰੇ ਦੀਆਂ, ਲੈਣੀਆਂ ਹਨ ਹੁਣ ਲੜਕੇ।
ਤਾਂ ਡੀ. ਸੀ. ਨੇ ਕਹਿਆ ਮਿਸਟਰ ਚਾਬੀਆਂ ਕਲ ਸਵੇਰੇ।
ਝਬਰ ਅਗੋਂ ਗਜ ਕੇ ਆਖੇ, ਚੁਕੋ ਫੌਜ ਦੇ ਡੇਰੇ।
ਹੁਣੇ ਹੀ ਚਾਬੀਆਂ ਲਵਾਂਗੇ ਅਸੀਂ, ਨਹੀਂ ਜਾਣਾ ਹੈ ਖਾਲੀ।
ਗੁਰੂਦਵਾਰੇ ਵਿਚ ਵੜੇਗੀ, ਹੁਣੇ ਹੀ ਫੌਜ ਅਕਾਲੀ।
ਉਸੇ ਵਕਤ ਹੀ ਸਿੰਘਾਂ ਸਭਨਾਂ, ਚੁਕ ਹਥਿਆਰ ਸੰਭਾਲੇ।
ਹੱਟ ਜਾਵੋ ਤੁਸੀਂ ਪਿਛਾਂ ਸਾਰੇ, ਵੇਲਾ ਹੀ ਹੈ ਹਾਲੇ।
ਤਾਂ ਡੀ. ਸੀ. ਨੇ ਕਢ ਚਾਬੀਆਂ, ਹੱਥ ਆਪਣੇ ਵਿਚ ਚਾਂਈਆਂ।
ਝਬਰ ਜਥਦਾਰ ਦੇ ਹਥ ਵਿਚ, ਅਗੇ ਹੋ ਫੜਾਈਆਂ।
ਫੌਜ ਉਠਾਈ ਉਸੇ ਵੇਲੇ, ਰਾਹ ਹੋ ਗਏ ਸਭ ਖਾਲੀ।
ਛੱਡ ਜੈਕਾਰੇ ਗੁਰੂਦਵਾਰੇ ਪੁਜ ਗਏ ਬੀਰ ਅਕਾਲੀ।
ਹਰ ਪਾਸੇ ਤੋਂ ਉਠ ਕੇ ਤੁਰ ਪਏ, ਜਥਿਆਂ ਦੇ ਹੀ ਜਥੇ।
ਖਾਕ ਸ਼ਹੀਦਾਂ ਦੀ, ਪਏ ਚੁੰਮਣ, ਚੁਮ ਚੁਮ ਲਾਵਣ ਮਥੇ।
ਸ਼ਰਧਾ ਅੰਦਰ ਝੂਮ ਝੂਮ ਕੇ, ਗਾਵਣ ਇਉਂ ਤਰਾਨੇ।
ਇਹ ਕੁਰਬਾਨੀ ਬੜੀ ਅਦੁਤੀ, ਚਮਕੇ ਚਹੁੰ ਜਹਾਨੇ।
ਲੋਅ ਇਨ੍ਹਾਂ ਦੀ ਜਗਤ ਦੇ ਤਾਂਈਂ, ਸਦਾ ਰਹੂ ਰੁਸ਼ਨਾਂਦੀ।
ਬੇਹਿਸ ਦਿਲਾਂ ਨੂੰ 'ਨੀਰ' ਪਿਆਰੇ, ਸਦਾ ਰਹੂ ਗਰਮਾਂਦੀ।

ਮੋਰਚਾ ਗੁਰੂ ਕਾ ਬਾਗ਼

ਅੰਮ੍ਰਿਤਸਰ ਤੋਂ ਅਜਨਾਲੇ ਨੂੰ ਜਾਂਦੀ ਸੜਕ ਪੁਰਾਣੀ।
ਘੁਕੇਵਾਲੀ ਰੋਡ ਪਿੰਡ ਦੀ ਰੰਗਲੀ ਜੂਹ ਸੁਹਾਣੀ।
ਉਸ ਦੇ ਅੰਦਰ ਗੁਰੂ ਕਾ ਬਾਗ਼ ਬਣਿਆ ਹੈ ਗੁਰਦੁਆਰਾ।
ਉਥੇ ਆਏ ਗੁਰੂ ਅਰਜਨ ਜੀ ਤੇਗ਼ ਬਹਾਦਰ ਪਿਆਰਾ।
ਮਲਕੀਯਤ ਕੁਝ ਜ਼ਿਮੀਂ ਪਈ ਸੀ ਗੁਰੂਦੁਆਰੇ ਨੇੜੇ।
ਟਾਂਵੇਂ ਟਾਂਵੇਂ ਕਿਕਰ ਹੈਸਨ ਕੁਦਰਤ ਉਥੇ ਖਲੇਰੇ।
ਇਥੋਂ ਦਾ ਮਹੰਤ ਪੁਜਾਰੀ ਸੁੰਦਰ ਦਾਸ ਸੀ ਬਣਿਆ।
ਜਿਸ ਨੇ ਹੈਸੀ ਮਕਰ ਦਾ ਤਾਣਾ ਹਰ ਪਾਸੇ ਤੇ ਤਣਿਆ।
ਭੈੜੀ ਨੀਜਤ, ਖੋਟੇ ਕਾਰੇ ਬਦਨੀਤਾ ਸੀ ਪਾਪੀ।
ਮਾੜੀਆਂ ਰੰਨਾਂ, ਬਦਚਲਣ ਔਰਤਾਂ ਰਖੀਆਂ ਕੋਲ ਸਰਾਪੀ।
ਸੀ ਬਦਨਾਮ ਇਲਾਕੇ ਅੰਦਰ ਚੰਗਾ ਕਿਸੇ ਨਾ ਲਗੇ।
ਲੋਕੀ ਚਾਹੁੰਦੇ ਪਿਆਰ ਧਰਮ ਦਾ ਦੀਵਾ ਏਥੇ ਜਗੇ।
ਪਰ ਕਰਤੂਤਾਂ ਉਸ ਦੀਆਂ ਕੀਤਾ, ਡਾਢਾ ਘੁਪ ਹਨੇਰਾ।
ਤੰਗ ਹੋ ਗਿਆ ਸਿਖ ਜਗਤ ਦਾ ਸਾਰਾ ਚਾਰ ਚੁਫੇਰਾ।
ਵਿਚ ਇਲਾਕੇ ਉਸ ਲਈ ਨਫ਼ਰਤ ਖਿਲਰੀ ਚਾਰ ਚੁਫੇਰੇ।
ਹਰ ਥਾਂ ਉਤੇ ਉਸ ਦੀਆਂ ਗੱਲਾਂ ਹੁੰਦੀਆਂ ਸ਼ਾਮ ਸਵੇਰੇ।
ਇਕੱਤੀ ਜਨਵਰੀ ਸੰਨ ਇਕੀ ਨੂੰ ਸਿੰਘਾਂ ਵਿਉਂਤ ਬਣਾਈ।
ਜੱਥਾ ਇਕ ਪੰਜਾਹ ਸਿੰਘਾਂ ਦਾ ਆਇਆ ਕਰਕੇ ਧਾਈ।
ਝੱਬਰ ਜਥੇਦਾਰ ਸੀ ਉਸ ਦਾ, ਬਾਹਰ ਸਰੋਵਰ ਕਿਨਾਰੇ।
ਦੀਵਾਨ ਸਜਾ ਅਰਦਾਸਾ ਕੀਤਾ, ਵੜ ਗਏ ਗੁਰੂਦੁਆਰੇ।
ਸਾਂਭ ਲਈਆਂ ਸਭ ਥਾਂਵਾਂ ਉਨ੍ਹਾਂ ਕਰ ਲਿਆ ਕਬਜ਼ਾ ਪੂਰਾ।
ਸੁੰਦਰ ਦਾਸ ਦੇ ਬੰਦਿਆਂ ਸਭਨਾਂ ਚੁਕ ਲਿਆ ਤਪੜੀ ਬੂਰਾ।
ਦਾਨ ਸਿੰਘ ਵਿਛੋਆ ਆ ਗਏ ਨਾਲ ਸਿੰਘ ਸੀ ਚਾਲੀ।
ਨਾਲ ਮਹੰਤ ਦੇ ਗੱਲਾਂ ਕਰ ਕੇ ਬਣ ਗਈ ਗਲ ਸੁਖਾਲੀ।
ਦੋਨ ਸਿੰਘ ਇਲਾਕੇ ਅੰਦਰ ਰਖਦਾ ਮਾਣ ਬਥੇਰਾ।
ਮਹੰਤ ਦੇ ਮਨ ਵਿਚ ਵੀ ਸੀ ਉਸ ਲਈ, ਪੱਕਾ ਸਤਕਾਰ ਘਣੇਰਾ।

ਅੰਮ੍ਰਿਤ ਛਕ ਮਹੰਤ ਬਣ ਗਿਆ ਸਿੰਘ ਗੁਰੂ ਦਾ ਪਿਆਰਾ।
ਅਨੰਦ ਪੜ੍ਹਾ ਕੇ ਗਿਆਨ ਕੌਰ ਸੰਗ, ਲਗਾ ਕਰਣ ਗੁਜ਼ਾਰਾ।
ਅੱਠ ਫਰਵਰੀ ਸੰਨ ਇਕੀ ਨੂੰ ਨਿਬੜ ਗਈ ਗਲ ਸਾਰੀ।
ਲਿਖ ਪੜ੍ਹ ਕਰ ਕੇ ਮਹੰਤ ਨੇ ਦਿਤੀ, ਮੰਨੀ ਤਾਬਿਆਦਾਰੀ।
ਵੀਹ ਫਰਵਰੀ, ਸੰਨ ਇਕੀ ਅੰਦਰ, ਨਨਕਾਣੇ ਸਾਕਾ ਹੋਇਆ।
ਜਿਸ ਨੂੰ ਸੁਣ ਕੇ ਸਿਖ ਜਗਤ ਸੀ ਰੱਤ ਦੇ ਹੰਝੂ ਰੋਇਆ
ਅੰਗਰੇਜ਼ ਹਕੂਮਤ ਸਿਖਾਂ ਦੇ ਸੰਗ ਸਿਧੀ ਕਦੇ ਨ ਚਲੀ।
ਗੱਲ ਗੱਲ ਉਤੇ ਗਲ ਨੂੰ ਪੈਂਦੀ ਐਵੇਂ ਮਲੋ ਮਲੀ।
ਕਿੰਗ ਕਮਿਸ਼ਨਰ ਬੜਾ ਕੁਕਰਮੀ ਕੁਟਲ ਨੀਤੀ ਅਪਨਾਈ।
ਮਹੰਤ ਨਰੈਣੂ ਬਚਾਵਣ ਦੀ ਸੀ, ਉਸ ਨੇ ਚਾਲ ਚਲਾਈ।
ਪਕੜ ਪਕੜ ਕੇ ਲੀਡਰ ਉਸ ਨੇ ਜੇਹਲਾਂ ਦੇ ਵਿਚ ਪਾਏ।
ਪਖਪਾਤ ਕਰ ਸਿੰਘਾਂ ਦੇ ਸੰਗ, ਉਸ ਨੇ ਹੁਕਮ ਸੁਣਾਏ।
ਸ਼ਰੋਮਣੀ ਕਮੇਟੀ ਅੰਮ੍ਰਿਤਸਰ ਨੇ ਨਾ-ਮਿਲਵਰਤਨ ਕੀਤਾ।
ਵਿਚ ਤਫਤੀਸ਼ ਮੁਕੱਦਮੇ ਦੇ, ਰਹਿ ਕੇ ਚੁਪ ਚਪੀਤਾ।
ਇਸ ਤੋਂ ਪਹਿਲੋਂ, ਕੁਝ ਦਿਨ ਪਹਿਲਾਂ, ਕਾਂਗਰਸ ਮਤਾ ਪਕਾਇਆ।
ਨਾ-ਮਿਲਵਰਤਨ ਨਾਲ ਹਕੂਮਤ ਦੁਨੀਆਂ ਤਾਂਈਂ ਸੁਣਾਇਆ।
ਇਸ ਵਾਸਤੇ ਮਤਾ ਸਿਖਾਂ ਦਾ ਚੁਭ ਗਿਆ ਵਿਚ ਸੀਨੇ।
ਪੰਜਾਬ ਹਕੂਮਤ ਸਮਝਣ ਲਗ ਪਈ ਇਹ ਗਲ ਨਾਲ ਯਕੀਨੇ।
ਕਿ ਇਹ ਸਿਆਸੀ ਚਾਲ ਹੈ ਸਾਰੀ ਗੁਰੂਦੁਆਰਿਆਂ ਵਾਲੀ।
ਸਰਕਾਰ ਅਸਾਡੀ ਵੇਖ ਨਹੀਂ ਸਕਦੇ ਸਾਰੇ ਸਿਖ ਅਕਾਲੀ।
ਇਸ ਲਈ ਸਖਤੀ ਸਿਖਾਂ ਉਤੇ ਸ਼ੁਰੂ ਹੋਈ ਸਰਕਾਰੋਂ।
ਸਿਖਾਂ ਤਾਂਈਂ ਕੁਚਲਣ ਲਗੇ ਹਰ ਥਾਂ ਅੰਦਰੋਂ ਬਾਹਰੋਂ।
ਹਰਮੰਦਰ ਦੇ ਤੋਸ਼ੇਖਾਨੇ ਜੋ ਸਨ ਅੰਦਰ ਤਾਲੇ।
ਚਾਬੀਆਂ ਉਸ ਦੀਆਂ ਸਰਬਰਾਹ ਦੇ ਹੁੰਦੀਆਂ ਸੀ ਹਵਾਲੇ।
ਡੀ: ਸੀ: ਅੰਮ੍ਰਿਤਸਰ ਨੇ ਪਰ ਰੱਖ ਲਈਆਂ ਉਹ ਕੋਲੇ।
ਜਿਸ ਦੇ ਕਰ ਕੇ ਮੋਰਚਾ ਲਾ ਕੇ ਸਿਖਾਂ ਪਾਏ ਰੋਲੇ।
ਦਿਨੀਂ ਦਿਨੀਂ ਇਕ ਮੋਰਚਾ ਹੋਰ ਲਗਾ ਸੀ ਭਾਰੀ।
ਕਾਲੀ ਸਿਰ ਦਸਤਾਰ ਸਿਖ ਦੀ ਵਜਦੀ ਵਾਂਗ ਕਟਾਰੀ।
ਹਰ ਪਾਸੇ ਸਰਕਾਰ ਸੀ ਤੁਲੀ, ਪਾਵਣ ਦੇ ਲਈ ਦਾਬਾ।
ਕਦਮ ਕਦਮ ਤੇ ਹੋ ਰਿਹਾ ਸੀ, ਮਾੜਾ ਹਾਲ ਖਰਾਬਾ।
ਸਿਖ ਅਫਸਰ ਜੋ ਦਫਤਰ ਆਂਦੇ, ਕਾਲੇ ਬੰਨ੍ਹ ਦਸਤਾਰੇ।
ਨੰਬਰਦਾਰ ਤੇ ਜ਼ੈਲਦਾਰ ਵੀ ਹੋਣ ਮੁਅਤਲ ਸਾਰੇ।

ਫੌਜ ਦੇ ਵਿਚ ਵੀ ਕਾਲੀ ਪਗੜੀ ਗੋਲੀ ਵਾਂਗੂ ਲਗਦੀ।
ਵਿਗੜੀ ਪਈ ਜ਼ੇਹਨੀਅਤ ਹੈਸੀ ਐਸੀ ਗੋਰੇ ਸੱਗ* ਦੀ।
ਹਰ ਗਲ ਉਹ ਸਿਆਸੀ ਸਮਝਣ ਹਰ ਗਲ ਉਹ ਉਲਝਾਂਦੇ।
ਸਿਖ ਧਰਮ ਦੇ ਹਰ ਕੰਮ ਅੰਦਰ ਇਸ ਲਈ ਅਟਕਾਂ ਪਾਂਦੇ।
ਇਹ ਗਲ ਵੀ ਹਕੂਮਤ ਸੀ, ਪੌਲੀਟੀਕਲ ਕਰ ਕੇ ਜਾਣੀ।
ਹਰ ਤਰੀਕੇ ਕੁਲਚਣ ਦੇ ਲਈ ਕਰਣ ਲਗੇ ਮਨਮਾਨੀ।
ਅੱਠ ਅਗਸਤ ਉਨੀ ਸੌ ਬਾਈ ਸੇਵਾਦਾਰ ਪੰਜ ਰਲਕੇ।
ਲੰਗਰ ਦੇ ਲਈ ਬਾਲਣ ਚੁਗਣ ਜੂਹ ਵਿਚ ਆਏ ਚਲ ਕੇ।
ਕੱਟ ਰਹੇ ਸੀ ਕਿਕਰ ਉਹ ਲੰਗਰ ਹੈਸੀ ਪਕਣਾਂ।
ਨਾ ਕੋਈ ਰੋਕ ਰੁਕਾਵਟ ਮਨ ਵਿਚ, ਨ ਕੋਈ ਦਿਲ ਵਿਚ ਝਕਣਾ।
ਪਰ ਪਕੜ ਲਏ ਪੁਲੀਸ ਨੇ ਆ ਕੇ, ਹੁਕਮ ਡੀ. ਸੀ. ਦੇ ਥਲੇ।
ਲਕੜੀ ਚੋਰੀ ਕਟਣ ਦੇ ਦੂਸ਼ਨ, ਵਿਚ ਅਦਾਲਤ ਘਲੇ।
ਇਸ ਤਰ੍ਹਾਂ ਫਿਰ ਦੂਜੇ ਦਿਨ ਵੀ ਪਕੜਿਆ ਸੇਵਾਦਾਰਾਂ।
ਪੰਜ ਪੰਜ ਕਰ ਕੇ ਪਕੜਨ ਦੀਆਂ, ਹੋ ਗਈਆਂ ਨਿਤ ਕਾਰਾਂ।
ਪੂਰਾ ਕਰਣ ਲਈ ਕੰਮ ਅਦਾਲਤੀ, ਇਹ ਤਰੀਕਾ ਕਢਿਆ।
ਸਾਬਕ ਮਹੰਤ ਸੁੰਦਰ ਦਾਸ ਨੂੰ, ਨਾਲ ਆਪਣੇ ਗੰਢਿਆ।
ਥਾਣੇ ਵਿਚ ਰਿਪੋਟ ਲਿਖਵਾਈ, ਦਸ ਅਗਸਤ ਨੂੰ ਪੱਕੀ।
ਲਕੜੀ ਮੇਰੀ ਜਿਮੀ ਦੇ ਵਿਚੋਂ, ਚੋਰੀ ਵਢੀ ਚਕੀ।
ਇਸ ਤਰ੍ਹਾਂ ਸੀ ਰੋਜ਼ ਦੇ ਬੰਦੇ, ਪੰਜ ਪੰਜ ਪਕੜੇ ਜਾਂਦੇ।
ਪੁਲਸ ਦੀ ਧਮਕੀ ਸਖਤੀ ਕੋਲੋਂ, ਬਿਲਕੁਲ ਨਾ ਘਬਰਾਂਦੇ।
ਕੁਝ ਦਿਹਾੜੇ ਪੁਲਸ ਨੇ ਕੋਈ ਸੇਵਾਦਾਰ ਨ ਪਕੜੇ।
ਤੇਈ ਅਗਸਤ ਨੂੰ ਛਿਆਹਠ ਬੰਦੇ ਹਥ-ਕੜੀਆਂ ਵਿਚ ਜਕੜੇ।
ਏਨੇ ਹੀ ਅਗਸਤ ਚਵੀ ਨੂੰ ਪਕੜੇ ਪੁਲਸ ਨੇ ਬੰਦੇ।
ਪੰਜਾਬ ਸਰਕਾਰ ਦੇ ਨਿਤ ਦੇ ਹੋ ਗਏ ਹੁਣ ਇਹੋ ਹੀ ਧੰਦੇ।
ਪੰਝੀ ਅਗਸਤ ਜੋੜ ਮੇਲਾ ਸੀ ਸੰਗਤਾਂ ਆਈਆਂ ਧਾ ਕੇ।
ਕਥਾ ਕੀਰਤਨ ਲੈਕਚਰ ਹੋਏ ਬਾਹਰ ਦੀਵਾਨ ਸਜਾ ਕੇ।
ਪੁਲਸ ਕਪਤਾਨ ਨੇ ਵਿੜ੍ਹ ਕੇ ਅੰਦਰ ਲਾਠੀ ਖੂਬ ਚਲਾਈ।
ਤਾਬਿਆ ਬੈਠੇ ਸਿੰਘ ਸਾਹਿਬ ਦੀ ਕੀਤੀ ਖੂਬ ਪਿਟਾਈ।
ਕੇਸੋਂ ਫੜ ਪਕੜ ਧਰੂਹ ਕੇ ਬਾਹਰ ਦੀਵਾਨੋਂ ਸੁਟਿਆ।
ਅੰਨ੍ਹੇ ਵਾਹ ਬੇ-ਦਰਦ ਜ਼ਾਲਮਾਂ ਸੋਟਿਆਂ ਦੇ ਸੰਗ ਕੁਟਿਆ।
ਪਕੜ ਲਏ ਫਿਰ ਪੰਥਕ ਮੁਖੀਏ ਪਰਧਾਨ ਸਕੱਤਰ ਸਾਰੇ।
ਨਸ਼ੇ ਹਕੂਮਤ ਦੇ ਵਿਚ ਕੀਤੇ, ਇਹ ਸਭ ਜ਼ੁਲਮੀ ਕਾਰੇ।

* ਸੱਗ-ਕੁੱਤਾ

ਖੜਕ ਸਿੰਘ ਬਾਬਾ, ਜਸਵੰਤ ਸਿੰਘ ਭਗਤ, ਨਰੈਣ ਸਿੰਘ ਬੈਰਿਸਟਰ ਪਿਆਰਾ।
ਸਰਮੁਖ ਸਿੰਘ, ਮਹਿਤਾਬ ਸਿੰਘ, ਤਾਰਾ ਸਿੰਘ ਮਾਸਟਰ ਪਿਆਰਾ।
ਹੋਰ ਵੀ ਮੈਂਬਰ ਕਈ ਪਕੜੇ, ਹਲਚਲ ਮਚ ਗਈ ਸਾਰੇ।
ਸੁਣ ਸੁਣ ਖਬਰਾਂ ਸੰਗਤਾਂ ਕੀਤੇ ਅਮ੍ਰਿਤਸਰ ਤਿਆਰੇ।
ਗੁਰੂ ਕਾ ਬਾਗ ਗੁਰਦੁਆਰੇ ਵਲ ਨੂੰ, ਤੁਰੇ ਤੁਰੇ ਸਿੰਘ ਆਵਨ।
ਪਰ ਸਰਕਾਰੀ ਰੋਕਾਂ ਰਾਹ ਵਿਚ, ਨਿਤ ਨਿਤ ਵਧਦੀਆਂ ਜਾਵਣ।
ਅੰਮ੍ਰਿਤਸਰ ਤੋਂ ਪਰੇ ਗਡੀ ਚੋਂ ਸਿੰਘ ਉਤਾਰੇ ਜਾਂਦੇ।
ਬੰਦ, ਸਰਕਾਰ ਨੇ ਰਾਹ ਕਰ ਦਿਤੇ, ਸਾਰੇ ਸੜਕ ਪੁਲਾਂ ਦੇ।
ਰਾਤ ਦਿਨੇ ਦਾ ਪੈਹਰਾ ਲਾਇਆ ਬੈਠੀ ਪੁਲਸ ਬਥੇਰੀ।
ਗੁਰੂ ਕਾ ਬਾਗ ਨੂੰ ਜਾਂਦਾ ਰਾਸ਼ਨ, ਖੋਹ ਕਰ ਲੈਂਦੇ ਵੈਰੀ।
ਇਸ ਤਰ੍ਹਾਂ ਸੀ ਜਾਣ ਨ ਦੇਂਦੇ, ਦਾਲ ਸਬਜ਼ੀ ਤੇ ਆਟਾ।
ਹਰ ਸੜਕ ਹਰ ਰਾਹ ਦੇ ਉਤੇ, ਛਾਇਆ ਰਹੇ ਸਨਾਟਾ।
ਪਿੰਡਾਂ ਵਿਚ ਵੀ ਜਾ ਜਾ ਕਰਦੇ, ਪੁਲਸਾਏ ਮਾਰ ਕੁਟਾਈ।
ਕਈ ਕਿਸਮ ਦੇ ਵਰਤ ਤਰੀਕੇ, ਹਰ ਥਾਂ ਦਹਿਸ਼ਤ ਪਾਈ।
ਖੇਤਾਂ ਅੰਦਰ ਕੰਮ ਕਰਦੇ ਨੂੰ ਕੁਟਦੇ ਖੂਨੀ ਹਲਕੇ।
ਮਾਰ ਮਾਰ ਅਧ-ਮੋਇ ਕਰਦੇ, ਛੇ ਛੇ ਪੁਲਸੀਏ ਰਲਕੇ।
'ਟੀਰਾ' ਪਿੰਡ ਦੇ ਖੇਤਾਂ ਦੇ ਵਿਚ, ਪਿਉ ਪੁਤਰ ਕੁਟ ਮਾਰੇ।
ਭਗਤ ਸਿੰਘ ਤੇ ਤਾਰਾ ਸਿੰਘ ਬੇ-ਕਸੂਰ ਵਿਚਾਰੇ।
ਗੁਰੂ ਕਾ ਬਾਗ ਗੁਰਦਵਾਰੇ ਵਿਚੋਂ ਪੰਜ ਪੰਜ ਨਿਤ ਸਿੰਘ ਜਾਂਦੇ।
ਸੁਮਾਂ ਵਾਲੀਆਂ ਡਾਂਗਾਂ ਦੇ ਸੰਗ ਪੁਲਸ ਤੋਂ ਕੁਟਾਂ ਖਾਂਦੇ।
ਬੁਰੀਆਂ ਹੁੰਦੀਆਂ ਮਾਰਾਂ ਰੱਜ ਕੇ, ਤਰਸ ਨ ਕਰਦੇ ਖੂਨੀ।
ਪਿੰਜ ਪਿੰਜ ਸੁਟਣ ਤੂੰ ਦੇ ਵਾਂਗੂ ਭੂਤਰੇ ਹੋਏ ਜਨੂਨੀ।
ਅੰਮ੍ਰਿਤਸਰ ਤੋਂ ਤੁਰ ਪਏ ਜਥੇ, ਅਕਾਲ ਤਖਤ ਤੋਂ ਹੋ ਕੇ।
ਸ਼ਾਂਤ ਮਈ ਦਾ ਕਰਣ ਅਰਦਾਸਾ, ਸਨਮੁਖ ਗੁਰੂ ਖਲੋ ਕੇ।
ਪਰੱਣ ਲੈਂਦੇ ਕਿ ਕਿਸੇ ਵੀ ਹਾਲਤ, ਹੱਥ ਨਹੀਂ ਅਸਾਂ ਉਠਾਣਾ।
ਹਰ ਮੁਸੀਬਤ, ਹਰ ਮੁਸ਼ਕਲ ਤੇ, ਗੁਰੂ ਕੇ ਬਾਗ ਨੂੰ ਜਾਣਾ।
ਹਰ ਇਕ ਸਿੰਘ ਦੇ ਸਿਰ ਤੇ ਸਜਦੀ, ਸੀ ਦਸਤਾਰ ਇਉਂ ਕਾਲੀ।
ਹਾਰ ਮੋਤੀਆ ਚਿਟੇ ਰੰਗ ਦਾ, ਉਤੇ ਦੇਇ ਦਿਖਾਲੀ।
ਅੰਗ ਸੰਗ ਹੋ ਕੇ ਲੱਣੀ ਸੇਵਾ ਸਤਿਗੁਰੂ ਆਪ ਪਿਆਰੇ।
ਤੇਰੇ ਸੇਵਕ ਤੇਰੀ ਸੇਵਾ ਲਈ, ਚਲੇ ਕਰ ਤਿਆਰੇ।
ਦਰ ਤੇਰੇ ਦੀ ਦਾਤਾ ਹੋਵੇ ਬਖਸ਼ਸ਼ ਇਉਂ ਸੁਹਾਣੀ।
ਥਾਂਇ ਪਵੇ ਇਹ ਸੇਵਾ ਸਾਰੀ, ਦਾਸਾਂ ਦੀ ਨਿਮਾਣੀ।

ਡੋਲ ਨ ਜਾਈਏ ਕਿਸੇ ਥਾਂ ਵੀ, ਐਸੀ ਮੇਹਰ ਕਮਾਣੀ।
ਤੇਰੀ ਸੇਵਾ ਤੂੰ ਹੈ ਲੈਣੀ, ਸਭ ਦੀ ਤੋੜ ਨਿਭਾਣੀ।
ਇਸ ਤੋਂ ਪਿਛੋਂ ਹਰਮੰਦਰ ਦਾ, ਪਾ ਕੇ ਦਰਸ ਸੁਹਾਣਾ।
ਚਾਰ ਚਾਰ ਦੀ ਪਾਲ ਦੇ ਅੰਦਰ, ਜਥਾ ਹੋਏ ਰਵਾਨਾ।
ਗਲੀ ਬਜ਼ਾਰਾਂ ਅੰਦਰ ਹਿੰਦੂ, ਮੁਸਲਮ ਸਿਖ ਇਸਾਈ।
ਕੋਠਿਆਂ ਉਤੇ ਤੀਵੀਆਂ ਬੱਚੇ, ਦੇਵਣ ਨਿਤ ਵਿਦਾਈ।
ਆਸੇ ਪਾਸੇ ਸੜਕ ਤੇ ਹੁੰਦੇ, ਦਰਸ਼ਣ ਲਈ ਹਜ਼ਾਰਾਂ।
ਨਾਲ ਸਿਦਕ ਦੇ ਪਾਂਦੇ ਜਾਵਣ, ਵਾਹਿਗੁਰੂ ਨਾਮ ਗੁੰਜਾਰਾਂ।
ਖੀਵੇ ਨੈਣ ਤੇ ਮਸਤੀ ਅੰਦਰ, ਅਗੇ ਵਧਦੇ ਜਾਂਦੇ।
ਜਦ ਤਕ ਪੁਲਸੀਏ ਡਾਂਗਾਂ ਵਾਲੇ, ਰੋਕਾਂ ਨਹੀਂ ਸੀ ਪਾਂਦੇ।
ਸੁਮਾਂ ਵਾਲੀਆਂ ਡਾਂਗਾਂ ਮਾਰਨ, ਕਰ ਦੇਵਣ ਅਧਮੋਏ।
ਚੁਕ ਚੁਕ ਸੁਟਣ ਫੇਰ ਘਸੀਟਣ, ਸਟ ਦੇਵਣ ਵਿਚ ਟੋਏ।
ਬੇਹੋਸ਼ੀ ਤੋਂ ਸੁਰਤ ਸਿੰਘਾਂ ਨੂੰ, ਜਦ ਆਂਦੀ ਕਦੀ ਵਾਰੀ।
ਜਥੇ ਵਿਚ ਫਿਰ ਸ਼ਾਮਲ ਹੁੰਦੇ, ਉਠ ਕੇ ਮਾਰ ਉਡਾਰੀ।
ਮਾਰਨ ਵਾਲਿਆਂ ਤਾਂਈਂ ਕਹਿੰਦੇ, ਨ ਕੁਝ ਜ਼ਰਾ ਜ਼ਬਾਨੋਂ।
ਸਬਰ ਤੇ ਸ਼ਾਂਤੀ ਕੁਲ ਸਿੰਘਾਂ ਦੀ, ਹੈਸੀ ਬਾਹਰ ਬਿਆਨੋਂ।
ਜ਼ੱਬਰ ਤਸ਼ੱਦਦ ਦੀਆਂ ਖਬਰਾਂ, ਖਿਲਰਗੀਆਂ ਪਾਸੇ ਚਾਰੇ।
ਹਰ ਪਾਸੇ ਤੋਂ ਪੁਜਣ ਲਗ ਪਏ, ਕੌਮੀ ਲੀਡਰ ਭਾਰੇ।
ਸੀ:ਐਫ: ਐਨਡਰੀਓ, ਮਦਨ ਮੋਹਨ ਮਾਲਵੀਆ ਹਰਬੰਸ ਸਿੰਘ ਅਟਾਰੀ.
ਦੁਨੀ ਚੰਦ ਤੇ ਅਤਾਉਲਾ, 'ਲਾਲ ਖਾਂ' ਤੇ ਅਨੁਸਾਰੀ।
ਜੁਗਿੰਦਰ ਸਿੰਘ ਸਰ ਸੀ ਆਇਆ, ਰੁਚੀ ਰਾਮ ਸੀ ਸਾਹਨੀ।
ਸੁੰਦਰ ਸਿੰਘ ਮਜੀਠਾ, ਤੇ 'ਅਜਮਲ' ਹਕੀਮ ਯੂਨਾਨੀ।
ਨਿਫਾਇਤ ਉਲਾ ਤੇ ਜੋਸ਼ ਸਿੰਘ ਹੈਸੀ, ਨਾਲ ਸੀ 'ਸ਼ੰਕਰ ਅਚਾਰੀ'।
ਪੰਡਤ ਮੋਤੀ ਲਾਲ ਜੀ ਆਏ ਪ੍ਰੈਸ ਨੁਮਾਇੰਦੇ ਭਾਰੀ।
'ਇੰਡੀਪੈਂਡਟ' ਅਲ੍ਹਾਬਾਦ ਤੇ ਬੰਦੇ ਮਾਤਰਮ ਵਾਲੇ।
ਐਡੀਟਰ 'ਸਿਆਸਤ' 'ਲਾਇਲਗਜ਼ਟ' ਤੇ 'ਜਥੇਦਾਰ' ਵੀ ਨਾਲੇ।
ਜ਼ਿਮੀਂਦਾਰ, ਸਵੈਰਾਜ ਮਦਰਾਸੀ ਵੀ ਸਨ ਨਾਲ ਪਧਾਰੇ।
ਅਖੀਂ ਡਿਠੇ ਹਾਲ ਇਹਨਾਂ ਜਦ, ਦੇਹਲ ਗਏ ਦਿਲ ਸਾਰੇ।
ਫਟੜ ਤੇ ਬੇਹੋਸ਼ ਪੁਚਾਂਦੇ ਟਰੱਕਾਂ ਦੇ ਵਿਚ ਭਰਕੇ।
ਅੰਮ੍ਰਿਤਸਰ ਹਸਪਤਾਲ ਖੋਹਲਿਆ, ਸਿਰਫ ਇਸੇ ਹੀ ਕਰਕੇ।
ਗੁਰੂ ਕਾ ਬਾਗ ਹਸਪਤਾਲ ਵਿਚ, ਫਟੜ ਪਏ ਸੀ ਭਾਰੀ।
ਬਾਰਾਂ ਸਤੰਬਰ ਤਕ ਰਹੀ ਸੀ ਮਾਰ ਕੁਟਾਈ ਜਾਰੀ।

ਤੇਰਾਂ ਸਤੰਬਰ ਐਡ੍ਰੀਉ ਜੀ ਦੀ, ਗਵਰਨਰ ਨੇ ਗਲ ਮੰਨੀ।
ਮਾਰ ਕੁਟਾਈ ਵੀ ਬੰਦ ਹੋ ਗਈ, ਗੌਰਮਿੰਟ ਦੀ ਤਨ੍ਹੀ।
ਰੋਜ਼ ਦਿਹਾੜੀ ਅੰਮ੍ਰਿਤਸਰ ਤੋਂ ਸੋ ਦੇ ਜਥੇ ਜਾਂਦੇ।
ਪਕੜ ਪਕੜ ਕੇ ਜਿਹਲਾਂ ਅੰਦਰ, ਰਾਤ ਦਿਨੇ ਚੁਕ ਪਾਂਦੇ।
ਮਾਵਾਂ ਦੇਣ ਅਸੀਸਾਂ ਰਜ ਕੇ, ਪੁਤਰ ਹੋਏ ਸੁਭਾਗੇ।
ਤੀਵੀਆਂ ਘਲ ਸਿਰਾਂ ਦੇ ਸਾਂਈਂ, ਕਹਿਣ ਕਰਮ ਨੇ ਜਾਗੇ।
ਭੈਣਾਂ ਪਾਵਣ ਹਾਰ ਫੁਲਾਂ ਦੇ, ਗਾ ਗਾ ਗੁਰੂ ਦੀ ਬਾਣੀ।
ਵੀਰਿਉ ਤੁਹਾਡੇ ਮਾਪੇ ਸਫਲੇ, ਹੋ ਗਏ ਦੋਹੀਂ ਜਹਾਨੀ।
ਸਤਿਗੁਰੂ ਤੁਹਾਡਾ ਰਾਖਾ ਹੋਵੇ, ਹਰ ਥਾਂ ਤੇ ਹਰ ਵੇਲੇ।
ਕਲਗੀਆਂ ਵਾਲੇ ਬਾਪੂ ਦਿਤੇ, ਤੁਹਾਨੂੰ ਸਮੇਂ ਸੁਹੇਲੇ।
ਸੂਰਜ ਬਣ ਕੇ ਹਜ਼ਰਾਂ ਤੋੜੀ ਚਮਕੋ ਵਿਚ ਅਸਮਾਨਾਂ।
ਪਾ ਸ਼ਹੀਦੀਆਂ ਰੌਸ਼ਨ ਕਰ ਦਿਉ ਕਲਗੀਧਰ ਦੀਆਂ ਸ਼ਾਨਾਂ।
ਵੇਖ ਨਜ਼ਾਰਾ ਦੁਨੀਆਂ ਸਾਰੀ ਧੂੜ ਮਥੇ ਤੇ ਲਾਂਦੀ।
ਕਲਗੀਆਂ ਵਾਲੇ ਤੋਂ ਬਲਿਹਾਰੀ, ਝੂਮ ਝੂਮ ਕੇ ਗਾਂਦੀ।
ਕੋਈ ਜੇਹਲ ਨਾ ਦਿਸਦੀ ਖਾਲੀ ਵਿਚ ਪੰਜਾਬ ਦੇ ਸਾਰੇ।
ਜਿਸ ਦੇ ਵਿਚ ਨ ਡਕੇ ਹੋਵਣ ਸਿਖ ਗੁਰੂ ਦੇ ਪਿਆਰੇ।
ਫਿਰੋਜ਼ਪੁਰ ਤੇ ਮੀਆਂ ਵਾਲੀ ਡੇਰਾ ਗ਼ਾਜ਼ੀਖਾਨੇ।
ਨਕਾਂ ਤਾਂਈਂ ਭਰੀਆਂ ਪਿੰਡੀ ਲਾਹੌਰ ਕਸੂਰ ਮੁਲਤਾਨੇ।
ਤੰਬੂ ਤੇ ਛੋਲਦਾਰੀਆਂ ਮੁਕੀਆਂ, ਮੁਕ ਗਏ ਕੰਬਲ ਸਾਰੇ।
ਨੰਗ ਮੁਨੰਗੀ ਧਰਤੀ ਉਤੇ, ਜਾਂਦੇ ਸਿੰਘ ਉਤਾਰੇ।
ਇਹੋ ਜਿਹੀ ਹਾਲਤ ਤੇ ਵੀ, ਨਹੀਂ ਸੀ ਸਿੰਘ ਘਬਰਾਂਦੇ।
ਤੇਰਾ ਸ਼ੁਕਰ, ਸ਼ੁਕਰ ਤੇਰਾ, ਮੂੰਹੋਂ ਹੈਸਨ ਗਾਂਦੇ।
ਆਟਾ ਦਾਣਾ ਰਾਸ਼ਨ ਮੁਕਿਆ, ਐਸੀਆਂ ਘਟੀਆਂ ਚਾਲਾਂ।
ਕੀੜੇ ਨਚਣ ਰਾਸ਼ਨ ਅੰਦਰ 'ਪਥਰ' ਅੰਦਰ ਦਾਲਾਂ।
ਭੌਂਤਰ ਗਈ ਸਰਕਾਰ ਨਿਕੰਮੀ, ਪਲਾ ਛੁਡਾਣਾ ਚਾਹਵੇ।
ਮਥੇ ਲਗੀ ਕਾਲਖ ਤਾਂਈਂ ਜਲਦ ਮਿਟਾਣਾ ਚਾਹਵੇ।
ਪੱਜ ਬਹਾਨੇ ਕਰ ਕਰ ਕਈ, ਛਡ ਦੇਵਣ ਸਿੰਘ ਫੜ ਕੇ।
ਪਰ ਖਾਲਸੇ ਦੂਣ ਸਵਾਏ ਨਿਤ ਨਿਤ ਆਵਣ ਚੜ੍ਹ ਕੇ।
ਨਿਤ ਨਵੇਂ ਹੀ ਸ਼ੌਂਕ ਦੇ ਅੰਦਰ, ਪੁਜਦੇ ਬੀਰ ਅਕਾਲੀ।
ਭਰ ਬਸਾਂ ਨੂੰ ਪੁਲਸੀਏ ਐਪਰ, ਦੂਰ ਕਰਣ ਜਾਂ ਖਾਲੀ।

ਪੰਜੇ ਸਾਹਿਬ ਦਾ ਸਾਕਾ

ਸਿਰ ਲਥਿਆਂ ਦੇ ਜਥੇ ਨਿਤ ਦੇ ਦੇਂਦੇ ਇਹ ਸੰਕੇਤ।
"ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤ।"
ਹਰ ਪਾਸੇ ਤੋਂ ਨਿਸ਼ਾਨ ਕੇਸਰੀ ਝੂਲਦੇ ਦਿਸਨ ਅਕਾਸ਼ੀਂ।
ਨਾਹਰੇ ਸਤਿ ਸ੍ਰੀ ਅਕਾਲ ਗੂੰਜਦੇ, ਵਿਚ ਫਜ਼ਾ ਚੌਹੀਂ ਪਾਸੀਂ।
ਚਾਅ ਮਰਣ ਦੇ ਅੰਦਰ ਆ ਰਹੇ ਇਕ ਦੂਏ ਨੂੰ ਮਧਦੇ।
ਹੜ ਦੇ ਵਾਂਗੂੰ ਚੜ੍ਹਦੇ ਚੜ੍ਹਦੇ ਵਾਂਗ ਹਨੇਰੀਆਂ ਵਧਦੇ।
ਅਜਬ ਸ਼ੌਕ ਹੈ ਅਜਬ ਚਾਅ ਹੈ ਅਜਬ ਇਨ੍ਹਾਂ ਦੀਆਂ ਬਾਤਾਂ।
ਨੈਣ ਸਰੂਰੇ ਪਾਈ ਜਾਵਣ ਮੌਤ ਲਾੜੀ ਵਲ ਝਾਤਾਂ।
ਕਿਰਤੀ, ਕਾਮੇ ਭੂਮੀਆਂ ਵਾਲੇ ਅਫਸਰ ਵੀ ਸਰਕਾਰੀ।
ਹਕੀਮ, ਡਾਕਟਰ, ਵਕੀਲ ਬੈਰਿਸਟਰ ਨਿਕੇ ਵਡੇ ਵਾਪਾਰੀ।
ਕਰਨਲ, ਜਨਰਲ, ਫੌਜੀ, ਪੈਨਸ਼ਨਰ, ਧਰਮ ਸਿਦਕ ਵਿਚ ਰੰਗੇ।
ਉਡਦੇ ਜਾਵਣ ਮੌਤ ਵਿਹਾਝਣ ਸ਼ਮ੍ਹਾਂ ਤੇ ਜਿਵੇਂ ਪਤੰਗੇ।
ਨ ਕੋਈ ਡਰ, ਨ ਭੈ ਤੌਖਲਾ, ਮੰਨ ਵਿਚ ਝਿਜਕ ਨ ਕੋਈ।
ਆਖਣ ਅਸੀਂ ਸੁਭਾਗੇ ਹੋਏ, ਸੇਵਾ ਪ੍ਰਾਪਤ ਹੋਈ।
ਧਾਰੀਵਾਲ ਕਪੂਰਥਲੇ ਦਾ ਅਮਰ ਸਿੰਘ ਮਨ ਭਾਣਾ।
ਸੂਬੇਦਾਰ ਫੌਜ ਦੇ ਅੰਦਰ ਤਜਰਬੇਕਾਰ ਪੁਰਾਣਾ।
ਗੁਰੂ ਕਾ ਬਾਗ ਦਾ ਵੇਖ ਮੋਰਚਾ ਮਨ ਹਲੂਣਾ ਆਇਆ।
ਸਿਖੀ ਪਿਆਰ ਧਰਮ ਦੇ ਜਜ਼ਬੇ, ਆ ਕੇ ਝੁਰਮਟ ਪਾਇਆ।
ਧੂਹ ਪਈ ਕੋਈ ਹਿਕ ਦੇ ਅੰਦਰ ਖਿਚ ਪਈ ਕੋਈ ਸੀਨੇ।
ਧਰਮ ਦੀ ਸੁੰਦਰ ਮੁੰਦਰੀ ਅੰਦਰ, ਲਗੇ ਪੈਣ ਨਗੀਨੇ।
ਨ ਕੋਈ ਝਿਜਕ, ਨ ਡਰ ਕੋਈ ਅੰਦਰ, ਅਟਕ ਨ ਮਨ ਨੂੰ ਰੋਕੇ।
ਤੁਰ ਪਏ ਫੌਜੀ ਨਾਲ ਲੈ ਕੇ, ਅਕਾਲ ਤਖ਼ਤ ਤੋਂ ਹੋ ਕੇ।
ਅਟਕ ਜੇਲ੍ਹ ਨੂੰ ਘਲੇ ਗਏ ਜਥੇਦਾਰੀ ਸੀ ਇਸ ਦੀ।
ਪੰਜੇ ਸਾਹਿਬ ਦੀ ਗਡੀ ਬਣ ਗਈ, ਯਾਦ ਸਦੀਵੀ ਜਿਸਦੀ।
ਝੁੰਡ ਆਸ਼ਕਾਂ ਦੇ ਇਉਂ ਆ ਰਹੇ, ਘਤ ਕੇ ਨਿਤ ਵਹੀਰਾਂ।
ਡਕੇ ਜਾਣ ਨ ਹੜ ਸਿਰਾਂ ਦੇ, ਬੰਨ੍ਹ ਪਾਏ ਕਈ ਕੀਰਾਂ।

ਉਨੱਤੀ ਅਕਤੂਬਰ ਸੰਨ ਬਾਈ ਦਾ, ਦਿਨ ਅਨੋਖਾ ਆਇਆ,
ਅਸਲਮ ਖਾਂ ਮਜਸਟਰੇਟ ਫੈਸਲਾ, ਫੌਜੀਆਂ ਤਾਂਈਂ ਸੁਣਾਇਆ।
ਢਾਈ ਢਾਈ ਦੇ ਸਾਲ ਵਾਸਤੇ, ਕੈਦ ਤੁਹਾਨੂੰ ਹੋਈ,
ਹੁਕਮ ਸਰਕਾਰੀ ਉਲਟਣ ਵਾਲਾ, ਬਚ ਨਹੀਂ ਸਕਦਾ ਕੋਈ।
ਇਹ ਸੁਣ ਕੇ ਜੈਕਾਰੇ ਛਡੇ ਉਚੇ ਇਉਂ ਸਰਦਾਰਾਂ,
ਠਲਿਆਂ ਮੂਲ ਠਲੀਦੀਆਂ ਨਾਹੀਂ, ਜੋਸ਼ ਦੀਆਂ ਗੁੰਜਾਰਾਂ।
ਅਟਕ ਜੇਲ੍ਹ 'ਚ ਬੰਦ ਕਰਣ ਦੇ, ਹੁਕਮ ਕੀਤੇ ਜਾਰੀ,
ਸਪੈਸ਼ਲ ਗਡੀ ਵਿਚ ਘਲਣ ਦੀ, ਕੀਤੀ ਗਈ ਤਿਆਰੀ।
ਅੰਮ੍ਰਿਤਸਰ ਤੋਂ ਚਲੀ ਗੱਡੀ, 29 ਅਕਤੂਬਰ ਤੜਕੇ,
ਹੱਥ ਜੋੜ ਅਰਦਾਸਾ ਕੀਤਾ, ਸਭ ਸਿੰਘਾਂ ਨੇ ਖੜ ਕੇ।
ਧੰਨ ਗੁਰੂ ਦੇ ਸਿੰਘ ਸੂਰਮੇ, ਧੰਨ ਇਹਨਾਂ ਦਾ ਜੇਰਾ,
ਤਲਵਾਰਾਂ ਦੀਆਂ ਨੋਕਾਂ ਉਤੇ, ਕੀਤਾ ਜਿਨ੍ਹਾਂ ਬਸੇਰਾ।
ਗਡੀ ਧਾੜ ਦੀ ਹਾਥੀਆਂ ਵਾਂਗੂ, ਉਡਦੀ ਉਡਦੀ ਜਾਵੇ,
ਹਵਾ ਨੂੰ ਪਿਛੇ ਸੁਟਦੀ ਪੁਟਦੀ ਧੂੜਾਂ ਪਈ ਧੁਮਾਵੇ।
ਹਰ ਪਾਸੇ ਤੋਂ ਪੁਜੀਆਂ ਖਬਰਾਂ, ਦੁਨੀਆਂ ਆਵੇ ਨਠੀ,
ਪਰ ਕਿਸੇ ਵੀ ਟੇਸ਼ਨ ਉਤੇ, ਕੀਤੀ ਗਈ ਨ ਮਠੀ।
ਕਰੜੇ ਹੁਕਮ ਡਰਾਈਵਰ ਤਾਂਈਂ, ਬਰੇਕ ਕਿਤੇ ਨਹੀਂ ਲਾਣੀ,
ਅਟਕ ਤੋਂ ਉਰੇ ਕਿਸੇ ਟੇਸ਼ਨ ਤੇ, ਗਡੀ ਨਹੀਂ ਅਟਕਾਣੀ।
ਪਰ ਇਸ਼ਕ ਦੇ ਡੰਗੇ ਮੰਨਣ, ਕੋਈ ਰੋਕ ਨ ਡਕਾ,
ਜਬਰ ਦੇ ਅਗੇ ਝੁਕ ਨਹੀਂ ਸਕਦਾ, ਸਿਦਕ ਆਸ਼ਕ ਦਾ ਪਕਾ।
ਪੰਜਾ ਸਾਹਿਬ ਦੇ ਸਿੰਘਾਂ ਸੁਣਕੇ, ਮਨ ਦੇ ਅੰਦਰ ਠਾਣੀ,
ਗਡੀ ਰੋਕ ਕੇ ਸਿੰਘਾਂ ਤਾਂਈਂ, ਅਸਾਂ ਪਿਲਾਣਾ ਪਾਣੀ।
ਇਸੇ ਚਾਅ ਵਿਚ ਉਮਡ ਆਵਣ, ਨਿਕੇ ਵਡੇ ਸਾਰੇ,
ਕਿਰਪਾਨ ਗਾਤਰੇ ਗਲਾਂ 'ਚ ਸਜਦੇ, ਮਥਿਆਂ ਤੇ ਲਿਸ਼ਕਾਰੇ।
ਦੁਧ ਮਿਠਾਈਆਂ ਮਿਠੇ ਮਿਸੇ, ਕਈ ਪਕਵਾਨ ਤੇ ਜ਼ਰਦੇ,
ਵੰਨ ਸੁਵੰਨੀਆਂ ਲੈ ਸੁਗਾਤਾਂ, ਪਲੇਟ ਫਾਰਮ ਪਏ ਭਰਦੇ।
ਵੇਖ ਸਟੇਸ਼ਨ ਮਾਸਟਰ ਬੋਲੇ, ਇਹ ਕੀ ਹੋ ਰਿਹਾ ਯਾਰੋ,
ਗਡੀ ਇਥੇ ਰੁਕਣੀ ਨਹੀਂ ਏ, ਕਾਹਨੂੰ ਮਗਜ਼ ਪਏ ਮਾਰੋ।
ਲਾਈਨ ਕਲੀਅਰ ਕੀਤਾ ਹੋਇਆ, ਇਹ ਹੈ ਹੁਕਮ ਸਰਕਾਰੀ,
ਇਥੇ ਗਡੀ ਰੁਕਣਾ ਨਹੀਂ ਏ, ਉਤੋਂ ਹਿਦਾਇਤ ਭਾਰੀ।
ਪਾਣੀ ਵਿਚ ਮਧਾਣੀ ਮਾਰਿਆਂ, ਹੱਥ ਨਹੀਂ ਕੁਝ ਆਂਦਾ,
ਇਹ ਅਸਲੀਅਤ ਹੈ ਭਰਾਵੋ, ਤੁਹਾਨੂੰ ਮੈਂ ਸਮਝਾਂਦਾ।

ਮੇਰੇ ਵਸ ਦੀ ਗਲ ਨਹੀਂ ਕੋਈ, ਕੁਝ ਨਹੀਂ ਹੱਥ ਪਲੇ,
ਮੈਂ ਸਰਕਾਰੀ ਨੌਕਰ ਬੰਦਾ, ਹੁਕਮ ਹਾਕਮ ਦਾ ਚਲੇ।
ਮੈਨੂੰ ਕਾਹਨੂੰ ਤੰਗ ਕਰੋ ਪਏ, ਕਾਹਨੂੰ ਵਕਤ ਵੰਞਾਵੋ,
ਗਡੀ ਇਥੇ ਮੂਲ ਨ ਖੜਨੀ, ਤੁਰ ਘਰਾਂ ਨੂੰ ਜਾਵੋ।
ਤਾਂ ਕਿਹਾ ਪਰਤਾਪ ਸਿੰਘ ਸੁਣ, ਸੁਣੋ ਧਿਆਨ ਲਗਾ ਕੇ,
ਅਸਾਂ ਘਰਾਂ ਨੂੰ ਮੁੜਨਾ ਹੈ ਜੀ, ਖਾਣਾ ਪਾਣੀ ਖੁਆ ਕੇ।
ਗਡੀ ਇਥੇ ਅਵੱਸ਼ ਖੜੇਗੀ, ਰੁਕੇਗੀ ਏਸੇ ਥਾਂ ਤੇ,
ਅਸਾਂ ਭਰੋਸਾ ਸਦਾ ਹੈ ਰਖਿਆ, ਗੁਰ ਨਾਨਕ ਦੇ ਨਾਂ ਤੇ।
ਥਾਣੇਦਾਰ ਵੀ ਕੋਲ ਖੜਾ ਸੀ, ਕਹਿਣ ਲਗਾ ਹੇ ਭਾਈ,
ਕਿਉਂ ਹਵਾ 'ਚ ਡਾਂਗਾ ਮਾਰੋ ਗੱਲਾਂ ਕਰੋ ਹਵਾਈ।
ਪਿਛੇ ਹਟ ਜਾਓ ਪਲੇਟ ਫਾਰਮ ਤੋਂ, ਗਡੀ ਆਵਣ ਵਾਲੀ,
ਨਾਲ ਹਕੂਮਤ ਬਰਾਬਰੀ ਕਰਣੀ, ਗਲ ਨਹੀਂ ਕੋਈ ਸੁਖਾਲੀ।
ਸਟੇਸ਼ਨ ਮਾਸਟਰ ਦੇ ਹੱਥ ਝੰਡੀ, ਹਰੀ ਪਈ ਲਹਿਰਾਵੇ,
ਘਾਬਰਿਆ ਹੋਇਆ ਤੁਰਦਾ ਤੁਰਦਾ, ਠੇਡੇ ਠੁਡੇ ਖਾਵੇ।
ਕਰਮ ਸਿੰਘ ਨੇ ਗੱਜ ਕੇ ਕਿਹਾ, ਜਿਸ ਗੁਰੂ ਨਾਨਕ ਪਿਆਰੇ,
ਰੋਕ ਪਹਾੜ ਵਲੀ ਦਾ ਦਿਤਾ, ਪੰਜੇ ਦੇ ਸਹਾਰੇ।
ਉਸੇ ਗੁਰੂ ਦੇ ਕੂਕਰ ਆਖਣ, ਲੈ ਕੇ ਉਹਦਾ ਸਹਾਰਾ,
ਗਡੀ ਰੁਕੇਗੀ ਟੇਸ਼ਨ ਉਤੇ, ਵੇਖੇਗਾ ਜਗ ਸਾਰਾ।
ਟੇਸ਼ਨ ਮਾਸਟਰ, ਪੁਲਸ ਇਨਸਪੈਕਟਰ, ਆਖਣ ਸੁਣੋ ਭਰਾਵੋ,
ਗਡੀ ਆਉਣ ਦਾ ਵੇਲਾ ਹੋਇਆ ਇਕ ਪਾਸੇ ਹੋ ਜਾਵੋ।
ਕਿਸੇ ਸੂਰਤ ਵੀ ਖੜੀ ਨ ਹੋਣੀ, ਗਡੀ ਅਟਕੋਂ ਉਰੇ,
ਐਵੇਂ ਜੋਸ਼ ਦੇ ਅੰਦਰ ਸਾਨੂੰ, ਕਿਉਂ ਬਣਾਵੋ ਬੁਰੇ।
ਬਾਗ਼ੀਆਂ ਨਾਲ ਨਾ ਕਰਦੀ ਗੋਰਮਿੰਟ ਕਦੇ ਵੀ ਕੋਈ ਨਰਮੀ,
ਕਰੋ ਅਰਾਮ ਘਰਾਂ ਵਿਚ ਜਾ ਕੇ ਛੋੜ ਦਿਓ ਹਠਧਰਮੀ।
ਤਾਰਾਂ ਅੰਮ੍ਰਿਤਸਰ ਤੋਂ ਆਈਆਂ, ਗਡੀ ਸਿਧੀ ਜਾਣੀ,
ਪਕਾ ਪਕਾਇਆ ਜ਼ਾਇਆ ਜਾਣਾ, ਤੁਹਾਡਾ ਇਹ ਅੰਨ ਪਾਣੀ।
ਤੁਹਾਡੇ ਭਲੇ ਦੇ ਲਈ ਹਾਂ ਕਹਿੰਦੇ, ਚਾਂਹਦੇ ਭਲਾ ਤੁਹਾਡਾ,
ਅਸੀਂ ਮਜਬੂਰ ਹੁਕਮ ਦੇ ਬਧੇ, ਵਸ ਨਹੀਂ ਕੁਝ ਸਾਡਾ।
ਕਰਮ ਸਿੰਘ ਪਰਤਾਪ ਸਿੰਘ ਨੇ, ਉਚਾ ਗੱਜ ਸੁਣਾਇਆ,
ਔਹ ਧੂਆਂ ਗਡੀ ਦਾ ਦਿਸਦਾ, ਵੇਲਾ ਨੇੜੇ ਆਇਆ।
ਗਡੀ ਰੁਕੇਗੀ ਤੁਸਾਂ ਸਾਰਿਆਂ, ਇਤਨਾ ਕਰਮ ਕਮਾਣਾ,
ਫੌਜੀ ਵੀਰਾਂ ਨੂੰ ਨਾਲ ਆਦਰ ਦੇ, ਲੰਗਰ ਖੂਬ ਛਕਾ,

ਇਹ ਕਹਿੰਦੇ ਹੋਏ ਪਲੇਟਫਾਰਮ, ਦੇ ਲਹਿੰਦੇ ਵਲ ਨੂੰ ਹੋ ਕੇ,
ਹਿਕਾਂ ਤਾਣੀਆਂ ਗਡੀ ਵਲ ਨੂੰ, ਲਾਈਨ ਦੇ ਵਿਚ ਖਲੋ ਕੇ।
ਜਿਗਰਾ ਵੇਖ ਸ਼ੇਰਾਂ ਦਾ ਆ ਗਏ, ਹੋਰ ਵੀ ਕਈ ਦੀਵਾਨੇ,
ਥਾਣੇਦਾਰ ਤੇ ਸਟੇਸ਼ਨ ਮਾਸਟਰ, ਵੇਖਣ ਵਲ ਅਸਮਾਨੇ।
ਯਾ ਅਲਾ ਕੇ ਹੋਸ਼ਾ ਦੇਥੇ, ਸਮਝ ਨਹੀਂ ਕੋਈ ਆਂਦੀ,
ਡਕਿਆਂ ਮੂਲ ਡਕੀਂਦੇ ਨਹੀਂ ਇਹ, ਨ ਹੀ ਮੌਤ ਡਰਾਂਦੀ।
ਕਿਸ ਮਿਟੀ ਦੇ ਸਿਖ ਨੇ ਯਾਰੋ, ਕੀ ਇਨ੍ਹਾਂ ਹੈ ਸਿਖਿਆ,
ਰਖੀਂ ਫਿਰਦੇ ਸਿਰ ਹਥੇਲੀ, ਬਿਨ ਧੜ' ਦੇ ਲਿਖਿਆ।
ਜ਼ਰਾ ਵੀ ਮੌਤ ਦਾ ਡਰ ਨ ਰਖਦੇ, ਅਜਬ ਕਿਸਮ ਦੇ ਬੰਦੇ,
ਨੌਂ ਬਰ ਨੌਂ ਰਹੇ ਪਰ ਸਾਦਕ, ਸਿਰਾਂ ਤੇ ਫਿਰ ਗਏ ਰੰਦੇ।
ਵੇਖਦੇ ਵੇਖਦੇ ਲਾਈਨ ਦੇ ਅੰਦਰ, ਦੋਵੇਂ ਪੇ ਗਏ ਲੰਮੇ,
ਘਾਬਰ ਗਿਆ ਸਟੇਸ਼ਨ ਮਾਸਟਰ, ਪਰ ਉਹ ਨਾਲ ਠਰੰਮੇ।
ਜੈਕਾਰਿਆਂ ਦੀਆਂ ਗੂੰਜਾਂ ਉਚੀਆਂ, ਲੋਟਿਆਂ ਹੀ ਪਾਈ ਜਾਵਨ,
ਸਤਿ ਸ੍ਰੀ ਅਕਾਲ ਦੇ ਨਾਹਰੇ, ਧਰਤ ਕੰਬਾਈ ਜਾਵਨ।
ਹੱਥ ਉਸ ਦੇ ਵਿਚ ਝੰਡੀ ਕੰਬੇ, ਕੰਬੇ ਜੁਸਾ ਸਾਰਾ,
ਲਤਾਂ ਦੇ ਵਿਚ ਸੱਤ ਨਾ ਕੋਈ, ਗਲਾ ਵੀ ਹੋ ਗਿਆ ਭਾਰਾ।
ਬੌਰਿਆਂ ਵਾਂਗੂ ਵੇਖੇ ਮੁੜ ਮੁੜ, ਕਦੇ ਪਿਛੇ ਕਦੇ ਅਗੇ,
ਕੀ ਕਰਾਂ ਹੁਣ, ਕੀ ਕਰਾਂ ਹੁਣ, ਸਮਝ ਨ ਕੁਝ ਵੀ ਲਗੇ।
ਗਡੀ ਸਪੈਸ਼ਲ ਧਰਤ ਕੰਬਾਦੀ, ਆਂਦੀ ਜਾਵੇ ਨੇੜੇ,
ਇੰਜਨ ਚੀਕ ਚਿਹਾੜੇ ਪਾਂਦਾ, ਦੇਵੇ ਪਿਆ ਸਨੇਹੜੇ।
ਹਟ ਜਾਓ ਹਟ ਜਾਓ ਦੇਹ ਮੇਖਾਸਰ, ਕਾਲਾ ਚੜ੍ਹਿਆ ਆਵੇ,
ਅਗੇ ਆਇਆ ਬਚਿਆ ਨਹੀਂ ਕੋਈ, ਨ ਕੋਈ ਬਚ ਕੇ ਜਾਵੇ।
ਸਟੇਸ਼ਨ ਉਤੇ ਤਿਲ ਧਰਣ ਦੀ, ਥਾਂ ਨ ਕਿਧਰੇ ਲਭੇ,
ਹਿੰਦੂ ਮੁਸਲਿਮ ਸਿਖ ਇਸਾਈ, ਕਠੇ ਹੋ ਗਏ ਸਭੇ।
ਵੇਖਣ ਲਈ ਨਜ਼ਾਰਾ ਸਾਰਾ, ਭਜ ਭਜ ਆ ਰਹੇ ਲੋਕੀ,
ਕੀ ਬਣੇਗਾ, ਕੀ ਹੋਇਗਾ, ਹੋਣੀ ਗਲ ਅਨੋਖੀ।
ਇੰਜਨ ਦੀਆਂ ਸੀਟੀਆਂ ਉਚੀਆਂ, ਉਚੀਆਂ ਹੁੰਦੀਆਂ ਜਾਵਨ,
ਗਡੀ ਸਪੈਸ਼ਲ ਦੀਆਂ ਧੂਕਾਂ, ਵਧਦੀਆਂ ਵਧਦੀਆਂ ਆਵਨ।
ਵੇਖਣ ਵਾਲੇ ਨਾਲ ਅਚੰਭੇ, ਸਿੰਘਾਂ ਦੇ ਵਲ ਤਕਦੇ,
ਉਪਰ ਥਲੇ ਆਸੇ ਪਾਸੇ, ਤਕ ਤਕ ਅਡੀਆਂ ਚੁਕਦੇ।
ਸ਼ੋਰ ਸ਼ਰਾਬਾ ਵਧਦਾ ਗਿਆ, ਗਡੀ ਵੀ ਆ ਰਹੀ ਨੇੜੇ,
ਏਧਰ ਸਿੰਘਾਂ ਲਾਈਨਾਂ ਦੇ ਅੰਦਰ, ਮਾਰੂ ਰਾਗ ਨੇ ਛੇੜੇ।

ਅੰਦਰਲਾ ਸਿੰਗਲ ਟੱਪ ਗਡੀ ਹੁਣ, ਵਿਚ ਯਾਰਡ ਦੇ ਆਈ,
ਸਟੇਸ਼ਨ ਮਾਸਟਰ ਝੰਡੀ ਹਰੀ, ਅਗੋਂ ਕਢ ਵਿਖਾਈ।
ਕਰਮ ਸਿੰਘ, ਪਰਤਾਪ ਸਿੰਘ ਵੱਲ, ਭੱਜ ਭੱਜ ਵਾਜਾਂ ਮਾਰੇ,
ਹੱਟ ਜਾਓ ਸਰਦਾਰੋ ਲਾਈਨ ਚੋਂ, ਹੱਟ ਜਾਓ ਤੁਸੀਂ ਸਾਰੇ।
ਗਡੀ ਰੁਕਣੀ ਨਹੀਂ ਕਦਾਚਿਤ, ਖੜੀ ਨਹੀਂ ਹੈ ਹੋਣੀ,
ਕਿਉਂ ਭੁਚਾਲ ਲਿਆਵੋ ਸਿੰਘੋ, ਕਿਉਂ ਕਰੋ ਅਨਹੋਣੀ।
ਅੰਗਰੇਜ਼ ਹਾਕਮ ਦੀ ਹੁਕਮ ਅਦੂਲੀ, ਕੋਈ ਨਹੀਂ ਕਰ ਸਕਦਾ,
ਮੈਂ ਅਜਾਈਂ ਮੌਤ ਭਰਾਵੋ, ਬਿਲਕੁਲ ਨਹੀਂ ਮਰ ਸਕਦਾ।
ਗੋਲੀ ਨਾਲ ਉਡਾਇਆ ਜਾਸਾਂ, ਜ਼ਰਾ ਵੀ ਹੋਈ ਉਕਾਈ,
ਮੇਰੇ ਬਚਿਆਂ ਦੀ ਕਰਵਾਵੋ, ਕਾਹਨੂੰ ਘਾਣ-ਪਿੜਾਈ।
ਇਹ ਕਹਿੰਦਾ ਹੋਇਆ ਭਜਿਆ ਜਾਵੇ, ਭਜਦਿਆਂ ਲੜਖੜਾਇਆ,
ਪਲੇਟ ਫ਼ਾਰਮ ਤੇ ਧਰਤੀ ਉਤੇ, ਪਟਕਦਾ ਹੋਇਆ ਆਇਆ।
ਕੰਨਾਂ ਵਿਚ ਅਵਾਜ਼ਾਂ ਆਵਣ, ਗਡੀ ਰੁਕੇ ਜ਼ਰੂਰੀ,
ਉਠਿਆ ਕੰਬਦਾ ਕੰਬਦਾ ਵੇਖੇ, ਕਿਤਨੀ ਰਹਿ ਗਈ ਦੂਰੀ।
ਪਰ ਅਜੇ ਉਹ ਸੰਭਲਿਆ ਨਹੀਂ ਸੀ, ਸਾਹ ਜ਼ਰਾ ਨ ਲਿਆ,
ਕਿ ਸੈਂਕੜੇ ਮਣਾਂ ਦਾ ਇੰਜਨ ਸ਼ੂਕਦਾ, ਕੋਲ ਹੀ ਨਜ਼ਰੀਂ ਪਿਆ।
ਸਿੰਘਾਂ ਦੇ ਜੈਕਾਰੇ ਗੂੰਜੇ, ਉਚੇ ਵਿਚ ਅਸਮਾਨੀ,
ਇੰਜਨ ਅਗੇ ਵਧ ਨ ਸਕਿਆ, ਐਸੀ ਵਜ ਗਈ ਕਾਨੀ।
ਪਤਾ ਨ ਲਗਾ ਕੀ ਕੁਝ ਹੋਇਆ, ਕੀ ਖੜ ਹੈ ਹੋਈ,
ਕਿਵੇਂ ਫੂਕ ਇੰਜਨ ਦੀ ਨਿਕਲੀ, ਸਮਝ ਨ ਪੈਂਦੀ ਕੋਈ।
ਝੰਡੀ ਰਹਿ ਗਈ ਫੜੀ ਫੁੜੀ ਹੀ, ਹੱਥ ਵੀ ਰਹਿ ਗਏ ਉਤੇ,
ਸਟੇਸ਼ਨ ਮਾਸਟਰ, ਗਾਹਡ, ਡਰਾਈਵਰ, ਸਭ ਸੁਤੇ ਦੇ ਸੁਤੇ।
ਡਿਗਾ ਖਾ ਕੇ ਭਵਾਂਟੀ ਮਾਸਟਰ, ਵਿਚ ਕਮਰੇ ਦੇ ਜਾ ਕੇ,
ਸਿਖਾਂ ਅਜ ਦੁਨੀਆਂ ਨੂੰ ਦਸਿਆ, ਗਡੀ ਨੂੰ ਅਟਕਾ ਕੇ।
ਉਹ ਗਡੀ ਜੋ ਅੰਗਰੇਜ਼ ਰਾਜ ਦੀ, ਸ਼ਕਤੀ ਦੀ ਹੈ ਸ਼ੋਭਾ,
ਉਸ ਗਡੀ ਨੂੰ ਦੋ ਸਿੰਘਾਂ ਨੇ, ਪਾ ਦਿਤਾ ਹੈ ਖੋਭਾ।
ਉਹ ਗਡੀ ਜੋ ਅਟਕੋਂ ਉਰੇ, ਬਿਲਕੁਲ ਨਹੀਂ ਸੀ ਖੜਨੀ,
ਨ ਸਵਾਰੀ ਉਤਰਨੀ ਕੋਈ, ਨ ਸਵਾਰੀ ਚੜ੍ਹਨੀ।
ਉਸ ਗਡੀ ਨੂੰ ਖੜਾ ਹੈ ਕੀਤਾ, ਦੋ ਇਕਲੀਆਂ ਜਾਨਾਂ,
ਵਾਹ ਉਹ ਕਲਗੀਆਂ ਵਾਲੇ ਗੁਰੂਆ, ਸਦਕੇ ਤੇਰੀਆਂ ਸ਼ਾਨਾਂ।
ਧੰਨ ਤੇਰੇ ਇਹ ਸਿਖ ਸੂਰਮੇ, ਧੰਨ ਇਹਨਾਂ ਦੀ ਕਰਣੀ,
ਧੰਨ ਇਹਨਾਂ ਦਾ ਸਬਰ ਸਿਦਕ ਹੈ ਧੰਨ ਇਹਨਾਂ ਦੀ ਜਰਨੀ।

ਜਾਨਾਂ ਵਾਰ ਕੇ ਬਚਨ ਪਾਲਦੇ, ਪਿਛਾਂ ਮੂਲ ਨਹੀਂ ਹਟਦੇ,
ਚਰਖੀਆਂ ਉਤੇ ਚੜ੍ਹ ਖੜੋਂਦੇ ਆਰਿਆਂ ਤਲੇ ਡਟਦੇ।
ਅੰਗ ਅੰਗ ਵਖਰਾ ਵਖਰਾ ਹੋਂਦਾ, ਦੇਗਾਂ ਦੇ ਵਿਚ ਕੜ੍ਹਦੇ,
ਧਰਮ ਸ਼ਮ੍ਹਾਂ ਤੇ ਵਾਂਗ ਪਤੰਗਿਆ ਹੱਸ ਹੱਸ ਕੇ ਨੇ ਸੜਦੇ।
ਜਾਮ ਇੰਜਨ ਦੇ ਪਹੀਏ ਕੀਤੇ, ਮਿਝ ਦਾ ਗਾਰਾ ਲਾ ਕੇ।
ਫੌਜੀ ਵੀਰਾਂ ਤਾਂਈਂ ਘਲਿਆ, ਲੰਗਰ ਖੂਬ ਛਕਾ ਕੇ।
ਹਜ਼ਾਰਾਂ ਦੇ ਵਿਚ ਲੋਕੀਂ ਪੁਜੇ, ਵੇਖਣ ਲਈ ਨਜ਼ਾਰਾ,
ਵੇਖ ਸ਼ਹੀਦਾਂ ਦੇ ਅੰਗਾਂ ਨੂੰ, ਕੰਬ ਗਿਆ ਜਗ ਸਾਰਾ।
ਤਾਰਾਂ ਖੜਕੀਆਂ ਦੇਸ਼ ਦੇ ਅੰਦਰ, ਅਖਬਾਰਾਂ ਵਿਚ ਛਪਿਆ,
ਦੋ ਸਿੰਘਾਂ ਨੇ ਗਡੀ ਸਪੈਸ਼ਲ ਦੇ, ਪਹੀਆਂ ਨੂੰ ਨਪਿਆ।
ਚਲਣ ਨ ਦਿਤਾ ਇਕ ਕਦਮ ਵੀ ਗਡੀ ਨੂੰ ਅਗੇਰੇ,
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਧੰਨ ਇਹ ਸਿਖ ਨੇ ਤੇਰੇ।
ਕਲਗੀਆਂ ਵਾਲੇ ਅੰਗ ਸੰਗ ਹੋ ਕੇ, ਜੋ ਧਰਮ ਦੀ ਕੀਤੀ,
ਤਾਰ ਤਾਰ ਤੇ ਛਲਨੀ ਹੋ ਗਈ, ਕੁਟਲ ਰਾਜ ਦੀ ਨੀਤੀ।
ਹਿਲ ਗਿਆ ਰਾਜ ਹਕੂਮਤ ਹਿਲੀ, ਹਿਲ ਗਏ ਅਫਸਰ ਭਾਰੀ,
ਜਿਵੇਂ ਕਿਵੇਂ ਛੁਟਕਾਰਾ ਪਾਈਏ ਮਨ ਦੇ ਅੰਦਰ ਧਾਰੀ।
ਸਤਾਰਾਂ ਨਵੰਬਰ ਉਨੀ ਸੌ ਬਾਈ, ਛਿਵੰਜਾ ਸੌ ਪੰਜ ਸੂਰੇ,
ਜੇਹਲਾਂ ਦੇ ਵਿਚ ਪਏ ਹੈਸਨ ਵਿਚ ਸਿਦਕ ਦੇ ਪੂਰੇ।
ਲਿਆ ਸਦ, ਮਹੰਤ ਸੁੰਦਰ ਨੂੰ, ਗੰਗਾ ਰਾਮ ਸਰ ਨਾਲੇ,
ਠੇਕੇ ਉਤੇ ਜਿਮੀਂ ਸਾਰੀ ਕੀਤੀ ਉਸ ਹਵਾਲੇ।
ਰੁਖ ਕਟਣ ਦੀਆਂ ਖੁਲਾਂ ਦਿਤੀਆਂ, ਰੋਕਾਂ ਸਭ ਹਟਾਈਆਂ,
ਕਲਗੀਆਂ ਵਾਲੇ ਦੇ ਸਿਘਾਂ ਨੂੰ ਲਗੀਆਂ ਮਿਲਣ ਵਧਾਈਆਂ।
ਧੰਨ ਸਿਖੀ ਧੰਨ ਸਿਖ ਰੰਗੀਲੇ, ਧੰਨ ਧੰਨ ਕਲਗੀਆਂ ਵਾਲਾ,
'ਨੀਰ' ਜਿਨ੍ਹਾਂ ਦੇ ਪਿਆਰ ਸਿਦਕ ਨੇ, ਕੀਤਾ ਜਗ ਉਜਿਆਲਾ।
ਕੁਲ ਦੁਨੀਆਂ ਨੂੰ ਲਿਖ ਕੇ ਕਹਿਆ ਰੁਚੀ ਰਾਮ ਜੀ ਸਾਹਨੀ,
ਨਾ ਤਕੀ, ਨਾ ਤਕਣੀ ਕਿਤੇ ਇਹੋ ਜਹੀ ਕੁਰਬਾਨੀ।
ਨਹੀਂ ਸਾਂ ਮੰਨਦਾ ਜਦ ਸਾਂ ਪੜ੍ਹਦਾ ਸਿਖ ਗੁਰੂਆਂ ਦੀਆਂ ਗੱਲਾਂ।
ਚੀਰਿਆਂ ਜਾਣਾ, ਟੁਕਿਆ ਜਾਣਾ, ਹੱਸ ਲੁਹਾਣੀਆਂ ਖਲਾਂ।
ਪਰ ਅਖੀਆਂ ਨੇ ਵੇਖ ਲਿਆ ਏ, ਸਿਦਕ ਦਾ ਉਚ ਨਜ਼ਾਰਾ,
ਕਿਵੇਂ ਪਤੰਗਾ ਹੋ ਜਾਂਦਾ, ਕੁਰਬਾਨ ਸ਼ਮ੍ਹਾਂ ਤੋਂ ਸਾਰਾ।
ਸਿਖ ਮੈਂ ਵੇਖੇ ਡਾਂਗਾਂ ਖਾਂਦੇ, ਕੇਸੀਂ ਫੜ ਧਰੀਕੇ,
ਦਾਹੜੀਆਂ ਪੁਟੀਆਂ ਪਟਕ ਪਟਕ ਕੇ, ਫਿਰ ਵੀ ਜ਼ਰਾ ਨਾ ਚੀਕੇ।

ਮੂੰਹ ਦੇ ਵਿਚ ਸੀ ਵਾਹਿਗੁਰੂ ਹੁੰਦਾ, ਹੱਥ ਹੁੰਦੇ ਸਨ ਨੀਵੇਂ,
ਮਾਰਨ ਵਾਲੇ ਥਕ ਜਾਂਦੇ ਸਨ, ਪਰ ਸਿਦਕੀ ਰਹਿੰਦੇ ਖੀਵੇ ।
ਕਿਸੇ ਕੌਮ ਵਿਚ ਵੇਖੀ ਨਹੀਂ ਏ, ਐਸੀ ਕੋਈ ਕੁਰਬਾਨੀ,
ਨਾ ਹੀ ਸੁਣੀ ਨਾ ਸੁਣੀ ਜਾਇਗੀ, ਕਿਸੇ ਦੀ 'ਨੀਰ' ਜ਼ਬਾਨੀ ।
ਮੋਤੀ ਲਾਲ ਜੀ ਪੰਡਤ ਆਖਣ, ਧੰਨ ਹਨ ਬੀਰ ਅਕਾਲੀ,
ਕੁਲ ਸੰਸਾਰ ਦੇ ਬੰਦਿਆਂ ਵਿਚੋਂ, ਚੰਗੇ ਅਤੇ ਜਲਾਲੀ ।
ਮੇਰੇ ਮਨ ਵਿਚ ਅੱਤ ਦਾ ਆਦਰ, ਇਨ੍ਹਾਂ ਲਈ ਹੈ ਹੋਇਆ,
ਮੇਰਾ ਹੈ ਪਰਨਾਮ ਇਹਨਾਂ ਨੂੰ, ਇਹ ਢੋਆ ਮੈਂ ਢੋਇਆ ।
ਬੰਦੇ ਮਾਤ੍ਰਮ ਅਖਬਾਰ ਦੇ ਅੰਦਰ, ਲਾਲਾ ਲਾਜਪਤ ਲਿਖਿਆ,
ਧੰਨ ਅਕਾਲੀਓ ਤੁਸੀਂ ਬੜੇ ਹੋ, ਧੰਨ ਤੁਹਾਡੀ ਸਿਖਿਆ ।
ਦੇਸ਼ ਅਜ਼ਾਦੀ ਦਾ ਹੈ ਝੰਡਾ, ਤੁਸਾਂ ਹੀ ਹੱਥ ਵਿਚ ਫੜਨਾ,
ਹਿਦੂ ਮੁਸਲਿਮ ਨੂੰ ਸਿਖਲਾਓ, ਦੇਸ਼ ਸ਼ਮ੍ਹਾਂ ਤੇ ਸੜਨਾ ।
ਭਾਰਤ ਦੇ ਦੁਖ ਦਰਦ ਮਿਟਾ ਕੇ, ਲਾਣਾ ਤੁਸਾਂ ਕਿਨਾਰੇ,
ਤੁਸਾਂ ਮਲਾਹ ਹੋ ਇਸ ਬੇੜੇ ਦੇ, ਚਰਚਾ ਹੋ ਰਹੀ ਸਾਰੇ ।
ਮਯੱਦ ਹਬੀਬ ਐਡੀਟਰ ਸਿਆਸਤ, ਲਿਖੀ ਇਹ ਗਲ ਸਾਰੀ,
ਗੁਰੂ ਕਾ ਬਾਗ਼ ਮੋਰਚੇ ਦੀ, ਇਕ ਗਲ ਬੜੀ ਨਿਆਰੀ ।
ਬੀਰਤਾ ਵਿਚ ਅਕਾਲੀ ਡਿਠੇ, ਬਹੁਤ ਹੀ ਉਚੇ ਉਚੇ,
ਜਰਨ ਦੀ ਸ਼ਕਤੀ ਸਹਿਨ ਸ਼ੀਲਤਾ, ਵਿਚ ਬੜੇ ਹੀ ਸੁਚੇ ।
ਸੀ. ਐਨਡ੍ਰੀਊ ਭਿਜਿਆ ਭਿਜਿਆ, ਬੋਲੇ ਆਪ ਜ਼ਬਾਨੋਂ,
ਧੰਨ ਅਕਾਲੀ ਜਿਨ੍ਹਾਂ ਦੀ ਦ੍ਰਿੜਤਾ, ਉਚੀ ਹੈ ਅਸਮਾਨੋਂ ।
ਜੀਵਨ ਭਰ ਵਿਚ ਕਦੇ ਨਹੀਂ ਡਿੱਠਾ, ਐਸਾ ਮੈਂ ਨਜ਼ਾਰਾ,
ਮਾਰੂ ਹਮਲੇ ਹਸਕੇ ਜਰਨੇ, ਕਰਨਾ ਸਬਰ ਸਹਾਰਾ ।
ਧੰਨ ਇਨ੍ਹਾਂ ਦਾ ਸਿਦਕ ਗੁਰੂ ਵਿਚ, ਧਰਮ ਦੇ ਵਿਚ ਪਕਿਆਈ,
ਰੱਬ ਦੇ ਵਿਚ ਸਿਦਕ ਭਰੋਸਾ, ਸਭ ਦੀ ਹੈ ਵਡਿਆਈ ।
ਚੇਹਰਿਆਂ ਉਤੇ ਡੂੰਘਾ ਸਿਦਕ, ਉਮਲ ਉਮਲ ਇਉਂ ਭਰਦਾ,
ਡੂੰਘੀ ਸ਼ਰਧਾ ਪਿਆਰ ਭਾਵਨਾ, ਹਰ ਸੀਨੇ ਵਿਚ ਭਰਦਾ ।
ਸਤਿਨਾਮ ਤੇ ਵਾਹਿਗੁਰੂ ਦੀ ਧੁਨ, ਚੇਹਰਿਆਂ ਨੂੰ ਚਮਕਾਂਦੀ,
ਚੜ੍ਹਦੀ ਕਲਾ ਦੀ ਲਾਲੀ ਹੈਸੀ, ਨੈਣਾਂ ਵਿਚ ਮੁਸਕਾਂਦੀ ।
ਨਾ ਭੜਕਾਹਟ ਨਾ ਕਹਿਣਾ ਕੁਝ ਏ, ਨਾ ਹੱਥ ਅਗੇ ਕਰਨਾ,
ਚੁਪ ਸਾਧਨੀ ਵਾਹਿਗੁਰੂ ਕਹਿਣਾ, ਸਭ ਕੁਝ ਤਨ ਤੇ ਜਰਨਾ ।
ਇਹ ਸੀ ਸਿਖ ਦਾ ਕਰਤੱਵ ਉਥੇ, ਇਹ ਸੀ ਉਸ ਦਾ ਚਾਲਾ,
ਹਰ ਮੁਖ ਵਿਚੋਂ ਨਿਕਲਦਾ ਸੁਣਿਆ, ਧੰਨ ਗੁਰ ਕਲਗੀਆਂ ਵਾਲਾ ।

ਨ ਇਹ ਨੱਕ ਕੰਨ ਪੜਵੌਂਦੇ, ਨਾ ਇਹ ਪਾਉਂਦੇ ਗਹਿਣਾ ।
ਚੰਗਾ ਲਗਦਾ ਇਹਨਾਂ ਤਾਈਂ, ਸਾਬਤ ਸੂਰਤ ਰਹਿਣਾ ।
ਚਟਕੀਲਾ ਭੜਕੀਲਾ ਬਾਣਾ, ਇਹ ਨਾ ਪਾਵਣ ਤਨ ਤੇ :
ਭੈੜਾ ਅਸਰ ਪਵੇ ਨਾ ਜਿਸ ਤੋਂ, ਸਿੱਖ ਪਵਿੱਤਰ ਮਨ ਤੇ ।
ਆਪਣੇ ਬਸਤਰ ਰਖਣ ਉਜਲੇ; ਤਨ ਮਨ ਉੱਜਲ ਰਖਣ ।
ਵਿਸ਼ੇ ਵਿਕਾਰੋਂ ਰਹਿਣ ਉਜਲੇ, ਗੁਰਸਿਖਾਂ ਦੇ ਲੱਖਣ ।
ਸਿਰ ਦਸਤਾਰ ਇਨ੍ਹਾਂ ਦੇ ਸੋਹੇ, ਤੇ ਸਾਦਾ ਪਹਿਰਾਵਾ ।
ਪੰਜ ਕਕਾਰ ਸ਼ਿੰਗਾਰ ਇਹਨਾਂ ਦਾ, ਸੋਹਣਾ ਅਤੇ ਸੁਹਾਵਾ ।
ਸਿਧਾ ਖੁੱਲ੍ਹਾ ਦਾਹੜਾ ਇਸ ਦਾ, ਤੇ ਸਿਧਾ ਦਸਤਾਰਾ ।
ਫੈਸ਼ਨ ਪ੍ਰਸਤ ਕਦੇ ਨਾ ਬਣਦਾ, ਜੋ ਗੁਰੂ ਸਿਖ ਪਿਆਰਾ ।
ਸਿਰ ਮੂੰਹ ਨਾ ਰੰਗਣ ਬੀਬੀਆਂ, ਸਿੰਘ ਨਾ ਕਲਫ ਲਗਾਂਦੇ ।
ਕੁਦਰਤ ਦੇ ਨਿਯਮਾਂ ਵਿਚ ਰਹਿ ਕੇ, ਹਰ ਥਾਂ ਸ਼ੋਭਾ ਪਾਂਦੇ ।
ਨਾ ਇਹ ਭੰਗ ਸ਼ਰਾਬਾਂ ਪੀਂਦੇ, ਨਾ ਅਫੀਮ ਨੇ ਖਾਂਦੇ ।
ਨਾਮ ਖੁਮਾਰੀ ਦੇ ਵਿਚ ਰਹਿੰਦੇ, ਨਸ਼ਿਆਂ ਨੇੜ ਨਾ ਜਾਂਦੇ ।
ਨਾ ਗਿੱਧਾ ਨਾ ਭੰਗੜਾ ਪਾਉਂਦੇ, ਨਾ ਇਹ ਨੱਚਦੇ ਟੱਪਦੇ ।
ਦਸ ਗੁਰੂਆਂ ਦੀ ਬਾਣੀ ਤਾਈਂ, ਹਰਦਮ ਰਹਿੰਦੇ ਜਪਦੇ ।
ਬਾਹਰੋਂ ਰਹਿੰਦੇ ਭੋਲੇ ਭਾਲੇ, ਵਿਚੋਂ ਹੁੰਦੇ ਸਿਆਣੇ ।
ਗੁਰਸਿੱਖ ਦੇ ਹਿਰਦੇ ਦੀ ਹਾਲਤ, ਸਿੱਖ ਹਿਰਦਾ ਹੀ ਜਾਣੇ ।
ਲੋਕ ਲਾਜ ਤੋਂ ਨਾ ਇਹ ਡਰਦੇ, ਗੁਰਮਤ ਮਾਰਗ ਚਲਦੇ ।
ਅਨਮਤੀਆਂ ਤੇ ਮਨਮਤੀਆਂ ਦੇ, ਵਿਚ ਕਦੇ ਨਾ ਰਲਦੇ ।
ਫੋਕੇ ਰਸਮ ਰਿਵਾਜ ਨਾ ਕਰਦੇ, ਸਚੇ ਸਿੱਖ ਸਤਿਗੁਰ ਦੇ ।
ਗੁਰੂਆਂ ਦੇ ਦੱਸੇ ਮਾਰਗ ਤੇ, ਰਹਿਣ ਸਦਾ ਹੀ ਤੁਰਦੇ ।
ਇਕ ਕਵੀ ਨੇ ਕਵਿਤਾ ਅੰਦਰ, ਗੱਲ ਕਹੀ ਏ ਸੱਚੀ ।
ਸੱਚੇ ਦਿਲ ਤੋਂ ਆਖੀ ਹੋਈ, ਦਿਲ ਮੇਰੇ ਨੂੰ ਜੱਚੀ ।
"ਅੱਲਾ ਵਾਲਿਆਂ ਅੱਲਾ ਮਿੱਠਾ, ਦੁਨੀਆਂਦਾਰਾਂ ਦੁਨੀਆਂ" ।
"ਜਾਹਲ ਲੋਕਾਂ ਨੂੰ ਐਬ ਪਿਆਰੇ, ਪੁੰਨ ਪਿਆਰੇ ਗੁਣੀਆਂ" ।
ਇਸੇ ਤਰ੍ਹਾਂ ਹੀ ਜੱਗ ਵਿਚ ਰਹਿੰਦੇ, ਜੱਗੋਂ ਰਹਿਣ ਨਿਆਰੇ ।
ਗੱਡ ਮੱਡ ਨਾ ਦੁਨੀਆਂ ਅੰਦਰ, ਹੋਵਣ ਸਿੱਖ ਪਿਆਰੇ ।
ਫੈਸ਼ਨ ਪਰਸਤੀ ਵਿਚ ਨ ਪੈਂਦੇ, ਗੁਰਮਤ ਦੇ ਸ਼ਰਧਾਲੂ ।
'ਸਫਲ' ਉਨ੍ਹਾਂ ਤੋਂ ਵਖ ਰਹਿਣ, ਜੋ ਮਨਮੁਖ ਝਗੜਾਲੂ ।

—o—

ਨ ਇਹ ਨੱਕ ਕੰਨ ਪੜਵੌਂਦੇ, ਨਾ ਇਹ ਪਾਉਂਦੇ ਗਹਿਣਾ ।
ਚੰਗਾ ਲਗਦਾ ਇਹਨਾਂ ਤਾਈਂ, ਸਾਬਤ ਸੂਰਤ ਰਹਿਣਾ ।
ਚਟਕੀਲਾ ਭੜਕੀਲਾ ਬਾਣਾ, ਇਹ ਨਾ ਪਾਵਣ ਤਨ ਤੇ ।
ਭੈੜਾ ਅਸਰ ਪਵੇ ਨਾ ਜਿਸ ਤੋਂ, ਸਿੱਖ ਪਵਿੱਤਰ ਮਨ ਤੇ ।
ਆਪਣੇ ਬਸਤਰ ਰਖਣ ਉਜਲੇ; ਤਨ ਮਨ ਉੱਜਲ ਰਖਣ ।
ਵਿਸ਼ੇ ਵਿਕਾਰੋਂ ਰਹਿਣ ਉਜਲੇ, ਗੁਰਸਿਖਾਂ ਦੇ ਲੱਖਣ ।
ਸਿਰ ਦਸਤਾਰ ਇਨ੍ਹਾਂ ਦੇ ਸੋਹੇ, ਤੇ ਸਾਦਾ ਪਹਿਰਾਵਾ ।
ਪੰਜ ਕਕਾਰ ਸ਼ਿੰਗਾਰ ਇਹਨਾਂ ਦਾ, ਸੋਹਣਾ ਅਤੇ ਸੁਹਾਵਾ ।
ਸਿਧਾ ਖੁੱਲ੍ਹਾ ਦਾਹੜਾ ਇਸ ਦਾ, ਤੇ ਸਿਧਾ ਦਸਤਾਰਾ ।
ਫੈਸ਼ਨ ਪ੍ਰਸਤ ਕਦੇ ਨਾ ਬਣਦਾ, ਜੋ ਗੁਰੂ ਸਿਖ ਪਿਆਰਾ ।
ਸਿਰ ਮੂੰਹ ਨਾ ਰੰਗਣ ਬੀਬੀਆਂ, ਸਿੰਘ ਨਾ ਕਲਫ ਲਗਾਂਦੇ ।
ਕੁਦਰਤ ਦੇ ਨਿਯਮਾਂ ਵਿਚ ਰਹਿ ਕੇ, ਹਰ ਥਾਂ ਸ਼ੋਭਾ ਪਾਂਦੇ ।
ਨਾ ਇਹ ਭੰਗ ਸ਼ਰਾਬਾਂ ਪੀਂਦੇ, ਨਾ ਅਫੀਮ ਨੇ ਖਾਂਦੇ ।
ਨਾਮ ਖੁਮਾਰੀ ਦੇ ਵਿਚ ਰਹਿੰਦੇ, ਨਸ਼ਿਆਂ ਨੇੜ ਨਾ ਜਾਂਦੇ ।
ਨਾ ਗਿੱਧਾ ਨਾ ਭੰਗੜਾ ਪਾਉਂਦੇ, ਨਾ ਇਹ ਨੱਚਦੇ ਟੱਪਦੇ ।
ਦਸ ਗੁਰੂਆਂ ਦੀ ਬਾਣੀ ਤਾਈਂ, ਹਰਦਮ ਰਹਿੰਦੇ ਜਪਦੇ ।
ਬਾਹਰੋਂ ਰਹਿੰਦੇ ਭੋਲੇ ਭਾਲੇ, ਵਿਚੋਂ ਹੁੰਦੇ ਸਿਆਣੇ ।
ਗੁਰਸਿੱਖ ਦੇ ਹਿਰਦੇ ਦੀ ਹਾਲਤ, ਸਿੱਖ ਹਿਰਦਾ ਹੀ ਜਾਣੇ ।
ਲੋਕ ਲਾਜ ਤੋਂ ਨਾ ਇਹ ਡਰਦੇ, ਗੁਰਮਤ ਮਾਰਗ ਚਲਦੇ ।
ਅਨਮਤੀਆਂ ਤੇ ਮਨਮਤੀਆਂ ਦੇ, ਵਿਚ ਕਦੇ ਨਾ ਰਲਦੇ ।
ਫੋਕੇ ਰਸਮ ਰਿਵਾਜ ਨਾ ਕਰਦੇ, ਸਚੇ ਸਿੱਖ ਸਤਿਗੁਰ ਦੇ ।
ਗੁਰੂਆਂ ਦੇ ਦੱਸੇ ਮਾਰਗ ਤੇ, ਰਹਿਣ ਸਦਾ ਹੀ ਤੁਰਦੇ ।
ਇਕ ਕਵੀ ਨੇ ਕਵਿਤਾ ਅੰਦਰ, ਗੱਲ ਕਹੀ ਏ ਸੱਚੀ ।
ਸੱਚੇ ਦਿਲ ਤੋਂ ਆਖੀ ਹੋਈ, ਦਿਲ ਮੇਰੇ ਨੂੰ ਜੱਚੀ ।
"ਅੱਲਾ ਵਾਲਿਆਂ ਅੱਲਾ ਮਿੱਠਾ, ਦੁਨੀਆਂਦਾਰਾਂ ਦੁਨੀਆਂ" ।
"ਜਾਹਲ ਲੋਕਾਂ ਨੂੰ ਐਬ ਪਿਆਰੇ, ਪੁੰਨ ਪਿਆਰੇ ਗੁਣੀਆਂ" ।
ਇਸੇ ਤਰ੍ਹਾਂ ਹੀ ਜੱਗ ਵਿਚ ਰਹਿੰਦੇ, ਜੱਗੋਂ ਰਹਿਣ ਨਿਆਰੇ ।
ਗੱਡ ਮੱਡ ਨਾ ਦੁਨੀਆਂ ਅੰਦਰ, ਹੋਵਣ ਸਿੱਖ ਪਿਆਰੇ ।
ਫੈਸ਼ਨ ਪਰਸਤੀ ਵਿਚ ਨ ਪੈਂਦੇ, ਗੁਰਮਤ ਦੇ ਸ਼ਰਧਾਲੂ ।
'ਸਫਲ' ਉਨ੍ਹਾਂ ਤੋਂ ਵਖ ਰਹਿਣ, ਜੋ ਮਨਮੁਖ ਤੇ ਝਗੜਾਲੂ ।

—o—